SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

58
Oct. - Dec. 2025

## ਮਨੁੱਖੀ ਹੱਕਾਂ ਦੇ ਰਾਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ਨੂੰ ਸਮਰਪਿਤ



- ਸੈਣੀ ਭਵਨ ਦੀਆਂ ਸਰਗਰਮੀਆਂ
- ਜਿਨ੍ਹਾਂ ਗੁਰਧਾਮਾਂ ਤੋਂ ਸਾਨੂੰ ਵਿਛੋੜਿਆ ਗਿਆ
- ਸਫ਼ਲ ਸੈਣੀ ਸਖ਼ਸ਼ੀਅਤਾਂ
- ਭਾਈ ਜਮਾਲਾ ਸਿੰਘ ਨੰਨੂਆ
- ਗੁਰੂ ਤੇਗ ਬਹਾਦਰ-ਹਿੰਦ ਦੀ ਚਾਦਰ
- ਗੁੰਝਲਦਾਰ ਸਵਾਲ ਦਾ ਵਿਗਿਆਨਕ ਜਵਾਬ
- ਅਲਵਿਦਾ - ਟਰਬਨ ਟੌਰਨੈਡੋ ਫੌਜਾ ਸਿੰਘ
- ਮੈਟਰੀਮੋਨੀਅਲਜ਼

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

 R.N.I. No. : PUNBIL/2011/48578

**Volume - XV, Issue - IV** | **Oct. - Dec. 2025**

# Saini Sansar

(Quarterly)

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner (Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Dr. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Make any type of Payment Through QR Code & Inform Saini Bhawan

Address for Correspondence and sending assistance money :

**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 04.10.2025**

# ਸੈਣੀ ਸੰਸਾਰ

(ਤਿਮਾਹੀ)

ਜਿਲਦ 15, ਅੰਕ 4 | ਅਕਤੂਬਰ - ਦਸੰਬਰ 2025

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਦਿੱਲੀ ਦੇ ਸਿੰਘੂ ਬਾਰਡਰ 'ਤੇ ਸਥਾਪਿਤ 'ਗੁਰੂ ਤੇਗ ਬਹਾਦਰ ਮੈਮੋਰੀਅਲ'।

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ - ਫਲਸਤੀਨੀਆਂ ਦੀ ਨਸਲਕੁਸ਼ੀ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-7 |
| ਕਵਿਤਾਵਾਂ | 7 |
| ਹੱਡ ਬੀਤੀ - ਜ਼ਿੰਮੇਵਾਰ ਕੌਣ ? | 8-9 |
| ਯਾਤਰਾ - ਜਿਨ੍ਹਾਂ ਗੁਰਧਾਮਾਂ ਤੋਂ ਸਾਨੂੰ ਵਿਛੋੜਿਆ ਗਿਆ | 10 |
| ਗੁਰੂ ਤੇਗ ਬਹਾਦਰ -ਹਿੰਦ ਦੀ ਚਾਦਰ | 11 |
| ਸੀਸ ਵਾਹਕ - ਭਾਈ ਜਮਾਲਾ ਸਿੰਘ ਨਨੂਆਂ | 12-15 |
| ਗੁੰਝਲਦਾਰ ਸਵਾਲ ਦਾ ਵਿਗਿਆਨਕ ਜਵਾਬ | 16-18 |
| ਸਫ਼ਲ ਸੈਣੀ ਸਖਸ਼ੀਅਤਾਂ | 19-21 |
| ਗਜ਼ਲ - ਆਪਣਾ ਆਪਣਾ ਮੁੱਲ ਹੁੰਦਾ ਹੈ | 21 |
| ਅਲਵਿਦਾ - ਟਰਬਨ ਟੋਰਨੈਡੋ ਫੌਜਾ ਸਿੰਘ | 22-23 |
| ਲੇਖ - ਇੱਕ ਗੱਲ ਜੇ ਮਨ ਲੱਗੇ | 24 |
| ਸ਼੍ਰੀ ਐਲ.ਆਰ.ਮੁੰਦਰਾ - ਇੱਕ ਕਰਮਯੋਗੀ ਸਖਸ਼ੀਅਤ | 25 |
| ਚਮਤਕਾਰੀ ਰੁੱਖ - ਸੁਹੰਜਣਾ | 26 |
| ਵਾਤਾਵਰਨ ਵਿਗਾੜ - ਪਾਇ ਕੁਹਾੜਾ ਮਾਰਿਆ | 27-28 |
| ਭਾਰਤੀ ਲੋਕਤੰਤਰ ਨੇ ਗਵਾਈ ਸਾਰਥਿਕਤਾ | 29 |
| ਲੇਖ - ਉੱਚੀ ਸਖਸ਼ੀਅਤ ਦੀ ਨਿਸ਼ਾਨੀ | 30 |
| ਲੇਖ - ਜੈਸੀ ਸੰਗਤ ਵੈਸੀ ਰੰਗਤ | 31-32 |
| Matrimonials | 33-40 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫ਼ੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਫਲਸਤੀਨੀਆਂ ਦੀ ਨਸਲਕੁਸ਼ੀ-ਮਨੁੱਖਤਾ ਲਈ ਵੰਗਾਰ

ਅਜਮੇਰ ਸਿੰਘ (ਡਾ.)
ਰੂਪਨਗਰ



ਪੱਛਮੀ ਏਸ਼ੀਆ ਦੇ ਦੇਸ਼ ਫਲਸਤੀਨ ਦੇ ਸਭ ਤੋਂ ਵੱਡੇ ਸ਼ਹਿਰ, ਗਾਜ਼ਾ ਵਿੱਚ ਭੁੱਖ ਨਾਲ ਵਿਲਕਦੇ ਬੱਚਿਆਂ ਦੇ ਹਉਕੇ ਸੁਣ ਕੇ ਤ੍ਰਾਹ ਨਿਕਲ ਜਾਂਦਾ ਹੈ। ਭੁੱਖਮਰੀ ਦਾ ਸ਼ਿਕਾਰ ਹੋ ਕੇ ਪਿੰਜਰ ਬਣੇ ਬੱਚਿਆਂ ਦੀਆਂ ਤਸਵੀਰਾਂ ਦੇਖ ਕੇ ਕਾਲਜੇ 'ਚੋਂ ਰੁੱਗ ਭਰਿਆ ਜਾਂਦਾ ਹੈ। ਖੁਦ ਮਾਪਿਆਂ ਦੀ ਹਾਲਤ ਵੀ ਖ਼ਰਾਬ ਹੈ। ਉਨ੍ਹਾਂ ਦੇ ਹਾਸੇ ਅਤੇ ਸਾਰੀ ਜ਼ਿੰਦਗੀ ਇਜ਼ਰਾਇਲੀ ਬੰਬਾਂ ਦੇ ਧੂੰਏਂ ਨਾਲ ਧੁਆਂਖੀ ਗਈ ਹੈ। ਉਨ੍ਹਾਂ ਦੀਆਂ ਕਿਲਕਾਰੀਆਂ ਮਿਜ਼ਾਈਲਾਂ ਦੇ ਧਮਾਕਿਆਂ ਨੇ ਖੋਹ ਲਈਆਂ ਹਨ। ਸਿਰ 'ਤੇ ਛੱਤ ਨਹੀਂ ਅਤੇ ਢਿੱਡ ਭੁੱਖੇ ਹਨ। ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਕਦੋਂ ਕਿਸੇ ਹੋਰ ਹਮਲੇ ਜਾਂ ਗੋਲੀਬਾਰੀ ਦਾ ਸ਼ਿਕਾਰ ਹੋ ਜਾਣ। ਉਨ੍ਹਾਂ ਦੀ ਧੜਕਦੀ ਜ਼ਿੰਦਗੀ ਦੀ ਕਿਸੇ ਨੂੰ ਪ੍ਰਵਾਹ ਨਹੀਂ। ਕੁੱਲ ਜਹਾਨ ਏਨਾ ਬੇਵਸ ਤੇ ਬੋਲ਼ਾ ਹੋ ਗਿਆ ਹੈ ਕਿ ਭੁੱਖ ਨਾਲ ਸਹਿਕਦੇ ਬੱਚਿਆਂ ਤੇ ਮਾਵਾਂ ਦੇ ਹਉਕੇ ਵੀ ਸੁਣਾਈ ਨਹੀਂ ਦਿੰਦੇ। ਫਲਸਤੀਨ ਵਿੱਚ ਇਕੱਲੇ ਮਜ਼ਲੂਮ ਹੀ ਨਹੀਂ ਮਰ ਰਹੇ ਸਗੋਂ ਮਨੁੱਖਤਾ ਵੀ ਦਮ ਤੋੜ ਰਹੀ ਹੈ।

ਸਦੀਆਂ ਪੁਰਾਣੇ ਫ਼ਲਸਤੀਨ ਦਾ ਮਸਲਾ ਭਾਵੇਂ ਬਹੁਤ ਪੁਰਾਣਾ ਹੈ ਪਰ ਇਸ ਦੇ ਮੌਜੂਦਾ ਤਬਾਹਕੁਨ ਦੌਰ ਦੀ ਸ਼ੁਰੂਆਤ 7 ਅਕਤੂਬਰ, 2023 ਨੂੰ ਫਲਸਤੀਨੀ ਹਥਿਆਰਬੰਦ ਜਥੇਬੰਦੀ, ਹਮਾਸ ਵਲੋਂ ਇਜ਼ਰਾਈਲ 'ਚ ਦਾਖਲ ਹੋ ਕੇ ਉੱਥੋਂ ਦੇ 1200 ਨਾਗਰਿਕਾਂ ਨੂੰ ਮਾਰਨ ਅਤੇ 251 ਨੂੰ ਬੰਦੀ ਬਣਾਉਣ ਨਾਲ ਹੋਈ। ਇਜ਼ਰਾਇਲ ਵਲੋਂ ਕੀਤੀ ਜਵਾਬੀ ਕਾਰਵਾਈ ਵਿੱਚ ਹੁਣ ਤੱਕ ਫਲਸਤੀਨ ਦੇ 70000 ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ ਬਹੁਤੇ ਬੱਚੇ, ਔਰਤਾਂ, ਬਜ਼ੁਰਗ ਅਤੇ ਬਿਮਾਰ ਵਿਅਕਤੀ ਹਨ। ਭਾਵੇਂ ਵਿਸ਼ਵ ਮੀਡੀਆ ਦਾ ਇੱਕ ਹਿੱਸਾ ਇਸ ਕਾਰਵਾਈ ਨੂੰ ਇੱਕ ਯੁੱਧ ਦੇ ਤੌਰ 'ਤੇ ਪੇਸ਼ ਕਰ ਰਿਹਾ ਹੈ ਪਰ ਇਹ ਫ਼ਲਸਤੀਨੀਆਂ ਦੀ ਨਸਲਕੁਸ਼ੀ ਹੈ। ਇਸ ਨਸਲਕੁਸ਼ੀ ਲਈ ਭੁੱਖ ਨੂੰ ਵੀ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਅਮਰੀਕੀ ਅਗਵਾਈ ਵਿੱਚ ਪੱਛਮੀ ਸਰਕਾਰਾਂ ਗਾਜ਼ਾ ਵਿੱਚ ਇਜ਼ਰਾਇਲੀ ਹਮਲਿਆਂ ਨੂੰ 'ਜਾਇਜ਼ ਸਵੈ-ਰੱਖਿਆ' ਕਹਿ ਕੇ ਇਸ ਦੀ ਹਮਾਇਤ ਕਰ ਰਹੀਆਂ ਹਨ ਅਤੇ ਜੰਗੀ ਹਥਿਆਰ ਦੇ ਰਹੀਆਂ ਹਨ। ਉਹ ਇਸ ਨਸਲਕੁਸ਼ੀ ਵਿਰੁੱਧ ਵਿਸ਼ਵਵਿਆਪੀ ਵਿਰੋਧ ਪ੍ਰਦਰਸ਼ਨਾਂ ਨੂੰ 'ਯਹੂਦੀ ਵਿਰੋਧੀ' ਕਹਿ ਕੇ ਯਹੂਦੀ ਧਰਮ ਨੂੰ ਹਥਿਆਰ ਵਜੋਂ ਵਰਤ ਰਹੀਆਂ ਹਨ। ਇਸ ਨਸਲਕੁਸ਼ੀ ਵਿਰੁੱਧ ਆਵਾਜ਼ ਬੁਲੰਦ ਕਰਨ ਕਰ ਕੇ ਹੀ ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਰਿਪੋਰਟਰ ਫਾਂਸਿਸਕਾ ਅਲਬਾਨੀਜ਼ ਵਿਰੁੱਧ ਅਮਰੀਕੀ ਵਿਦੇਸ਼ ਵਿਭਾਗ ਨੇ ਕਾਰਵਾਈ ਕੀਤੀ, ਬ੍ਰਿਟਿਸ਼ ਸੰਗੀਤ ਬੈਂਡ ਦੇ ਮੁਖੀ ਬੌਬ ਵਿਲਨ ਨੂੰ ਪਰੇਸ਼ਾਨ ਕੀਤਾ ਗਿਆ ਅਤੇ ਫ਼ਲਸਤੀਨੀਆਂ ਦੇ ਹੱਕ ਵਿੱਚ ਅੰਦੋਲਨ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਕਾਰਵਾਈ ਨਾ ਕਰਨ 'ਤੇ ਅਮਰੀਕੀ ਸਰਕਾਰ ਵਲੋਂ ਹਾਰਵਰਡ ਯੂਨੀਵਰਸਿਟੀ ਦੀ ਗ੍ਰਾਂਟ ਬੰਦ ਕਰਨ ਦੀ ਧਮਕੀ ਦਿੱਤੀ ਗਈ।

ਇਜ਼ਰਾਇਲ ਨੇ ਪਹਿਲਾਂ ਗਾਜ਼ਾ ਦੇ ਲੋਕਾਂ ਲਈ ਸੰਯੁਕਤ ਰਾਸ਼ਟਰ ਦੀ ਮਾਨਵਤਾਵਾਦੀ ਸਹਾਇਤਾ 'ਤੇ ਪੂਰੀ ਨਾਕਾਬੰਦੀ ਕਰ ਦਿੱਤੀ ਸੀ। ਫਿਰ ਮਈ ਦੇ ਅਖੀਰ ਵਿੱਚ ਅੰਤਰਰਾਸ਼ਟਰੀ ਦਬਾਅ ਅਧੀਨ ਇਸ ਨੇ ਅਮਰੀਕੀ ਪ੍ਰਾਈਵੇਟ ਸੁਰੱਖਿਆ ਕੰਪਨੀਆਂ ਦੀ ਦੇਖ-ਰੇਖ ਹੇਠ 'ਗਾਜ਼ਾ ਹਿਊਮੈਨੇਟੇਰੀਅਨ ਫਾਊਂਡੇਸ਼ਨ (ਜੀਐਚਐਫ) ਬਣਾਈ ਜੋ ਗਾਜ਼ਾ ਵਿੱਚ ਚਾਰ ਸਥਾਨਾਂ ਤੇ ਖੁਰਾਕੀ ਸਹਾਇਤਾ ਵੰਡਣ ਵਾਲੀ ਇਕੋ ਇੱਕ ਏਜੰਸੀ ਹੈ। ਮਨ ਨੂੰ ਪ੍ਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਭੁੱਖੇ ਮਰ ਰਹੇ ਫਲਸਤੀਨੀ ਪਰਿਵਾਰਾਂ ਦੇ ਬੱਚੇ ਅਤੇ ਔਰਤਾਂ ਕਈ ਦਿਨਾਂ ਦੀ ਭੁੱਖਮਰੀ ਤੋਂ ਬਾਅਦ ਜਦੋਂ ਖੁਰਾਕੀ ਵਸਤਾਂ ਲੈਣ ਲਈ ਇਨ੍ਹਾਂ ਕੇਂਦਰਾਂ 'ਤੇ ਜਾਂਦੇ ਹਨ ਤਾਂ ਉੱਥੇ ਜੁੜੀਆਂ ਭੀੜਾਂ 'ਤੇ ਇਜ਼ਰਾਇਲੀ ਫ਼ੌਜੀ ਗੋਲ਼ੀਆਂ ਵਰ੍ਹਾ ਦਿੰਦੇ ਹਨ। ਅੰਨ ਦੀ ਬੁਰਕੀ ਲੈਣ ਆਇਆਂ ਦੇ ਖਾਲੀ ਭਾਂਡੇ ਉੱਥੇ ਹੀ ਡਿਗ ਪੈਂਦੇ ਹਨ ਅਤੇ ਉਹ ਖੁਦ ਮੌਤ ਦੀ ਗਰਾਹੀ ਬਣ ਜਾਂਦੇ ਹਨ। ਫਲਸਤੀਨ ਦੇ ਲੋਕਾਂ ਨੂੰ ਡਾਢਿਆਂ ਨੇ ਰੋਟੀ ਹਾਸਲ ਕਰਨ ਲਈ ਵੀ ਸਿਰ ਧੜ ਦੀ ਬਾਜ਼ੀ ਲਾਉਣ ਵਾਸਤੇ ਮਜ਼ਬੂਰ ਕਰ ਦਿੱਤਾ ਹੈ। ਇੱਕ ਅੰਦਾਜ਼ੇ ਅਨੁਸਾਰ ਹੁਣ ਤੱਕ 800 ਤੋਂ ਵੱਧ ਰੋਟੀ ਮੰਗਦੇ ਲੋਕ ਮਾਰੇ ਜਾ ਚੁੱਕੇ ਹਨ। ਇਨ੍ਹਾਂ ਹਾਲਤਾਂ ਵਿੱਚ ਆਪਣੀ ਸਰਜ਼ਮੀਨ ਤੇ ਹੋਰ ਹਕੂਕਾਂ ਬਾਰੇ ਤਾਂ ਫਲਸਤੀਨੀ ਸੋਚ ਵੀ ਨਹੀਂ ਸਕਦੇ। ਉਨ੍ਹਾਂ ਦੇ ਪੱਲੇ ਤਾਂ ਸਿਰਫ਼ ਰੋਟੀ ਲਈ ਸੰਘਰਸ਼ ਰਹਿ ਗਿਆ ਹੈ। ਇਨ੍ਹਾਂ ਜ਼ਾਲਮਾਨਾਂ ਘਟਨਾਵਾਂ ਬਾਰੇ ਇਜ਼ਰਾਇਲੀ ਫ਼ੌਜੀਆਂ ਦਾ ਤਰਕ ਹੈ ਕਿ ਅਨਾਜ ਲੈਣ ਆਈ ਭੀੜ ਵਿੱਚੋਂ ਅਰਾਜਕ ਤੱਤ ਉਨ੍ਹਾਂ 'ਤੇ ਹਮਲਾ ਕਰਨ ਲਈ ਅੱਗੇ ਵਧਦੇ ਹਨ ਤਾਂ ਆਪਣੇ ਬਚਾਅ ਲਈ ਉਨ੍ਹਾਂ ਨੂੰ ਗੋਲ਼ੀ ਚਲਾਉਣੀ ਪੈਂਦੀ ਹੈ।

ਗਾਜ਼ਾ ਦੀ ਭੁੱਖਮਰੀ ਕੋਈ ਕੁਦਰਤੀ ਆਫ਼ਤ ਨਹੀਂ। ਇਹ ਗਿਣਮਿਥ ਕੇ ਕੀਤੀ ਤਬਾਹੀ ਹੈ। ਇਹ ਭੋਜਨ ਪ੍ਰਣਾਲੀਆਂ ਦੇ ਵਿਨਾਸ਼ ਅਤੇ ਕੰਧਾਂ ਤੋਂ ਕੰਡਿਆਲੀਆਂ ਤਾਰਾਂ ਰਾਹੀਂ ਪਾਏ ਗਏ ਹਿੰਸਕ ਘੇਰਿਆਂ ਨਾਲ ਫੈਲੀ ਹੈ। ਇੱਕ ਪਾਸੇ ਖੁਰਾਕੀ ਮਦਦ ਦੇ ਸੈਂਕੜੇ ਟਰੱਕ ਰੋਕੇ ਹੋਏ ਹਨ, ਦੂਜੇ ਪਾਸੇ ਬੱਚੇ ਕੁਪੋਸ਼ਣ ਨਾਲ ਸੁੱਕ ਤੇ ਮਰ ਰਹੇ ਹਨ। ਇਸ ਸਮੇਂ 116000 ਮੀਟ੍ਰਕ ਟਨ ਭੋਜਨ ਸਹਾਇਤਾ ਜੋ 10 ਲੱਖ ਲੋਕਾਂ ਵਾਸਤੇ ਚਾਰ ਮਹੀਨਿਆਂ ਲਈ ਕਾਫ਼ੀ ਹੈ, ਗਾਜ਼ਾ ਦੇ ਬਾਹਰ ਸਰਹੱਦੀ ਨਾਕਿਆਂ 'ਤੇ ਰੁਕੀ ਪਈ ਹੈ। ਅਸੀਂ ਯੁੱਧ ਦਾ ਸਭ ਤੋਂ ਭਿਆਨਕ ਰੂਪ ਦੇਖ ਰਹੇ ਹਾਂ, ਥੋਪੀ ਗਈ ਭੁੱਖਮਰੀ।

ਆਈਪੀਸੀ ਦੀ ਰਿਪੋਰਟ ਅਨੁਸਾਰ ਹਰ ਤੀਜਾ ਗਾਜ਼ਾ ਵਾਸੀ ਕਈ ਕਈ ਦਿਨ ਬਿਨਾਂ ਖਾਣੇ ਦੇ ਰਹਿੰਦਾ ਹੈ। ਗਾਜ਼ਾ ਵਾਸੀ ਜਿਉਂਦੇ ਰਹਿਣ ਲਈ ਕੂੜੇ ਵਿੱਚੋਂ ਖਾਣਾ ਲੱਭਣ ਅਤੇ ਜਾਨਵਰਾਂ ਦਾ ਚਾਰਾ ਖਾਣ ਲਈ ਮਜ਼ਬੂਰ ਹਨ। ਸਥਾਨਕ ਖੇਤੀਬਾੜੀ ਢਾਂਚਾ ਬਰਬਾਦ ਹੋ ਚੁੱਕਾ ਹੈ, 70% ਤੋਂ ਵੱਧ ਫ਼ਸਲਾਂ ਖੇਤਾਂ ਵਿੱਚ ਹੀ ਨਸ਼ਟ ਹੋਣ ਅਤੇ ਦੋਤਿਹਾਈ ਤੋਂ ਵੱਧ ਖੂਹ ਨਕਾਰਾ ਹੋਣ ਕਾਰਨ ਸਥਾਨਕ ਭੋਜਨ ਉਤਪਾਦਨ ਤਕਰੀਬਨ ਠੱਪ ਹੋ ਗਿਆ ਹੈ। ਸੰਯੁਕਤ ਰਾਸ਼ਟਰ ਦੇ ਮਾਹਰਾਂ ਨੇ ਇਜ਼ਰਾਇਲ ਦੀਆਂ ਕਾਰਵਾਈਆਂ ਨੂੰ 'ਮਿੱਥ ਕੇ ਚਲਾਈ ਜਾ ਰਹੀ ਭੁੱਖਮਰੀ ਦੀ ਮੁਹਿੰਮ' ਕਿਹਾ ਹੈ। ਇੱਥੇ ਭੁੱਖੇ, ਕਮਜ਼ੋਰ ਅਤੇ ਬਿਮਾਰ ਲੋਕਾਂ ਨੂੰ ਕਦੇ ਵੀ ਕੋਈ ਮਹਾਂਮਾਰੀ ਆਪਣੀ ਲਪੇਟ ਵਿੱਚ ਲੈ ਸਕਦੀ ਹੈ। ਵਿਸ਼ਵ ਸਿਹਤ ਸੰਗਠਨ ਦਾ ਖ਼ਦਸ਼ਾ ਹੈ ਕਿ ਜੇਕਰ ਇਹੀ ਹਾਲਾਤ ਰਹੇ ਤਾਂ ਅਗਲੇ 11 ਮਹੀਨਿਆਂ ਵਿੱਚ 71000 ਬੱਚਿਆਂ ਅਤੇ 17000 ਗਰਭਵਤੀ ਜਾਂ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਤੁਰੰਤ ਕੁਪੋਸ਼ਣ ਦੇ ਇਲਾਜ ਦੀ ਲੋੜ ਪੈ ਜਾਵੇਗੀ।

ਗਾਜ਼ਾ ਵਿੱਚ ਜੋ ਕੁੱਝ ਵਾਪਰ ਰਿਹਾ ਹੈ ਉਹ ਯੁੱਧ ਦੀ ਅਰਾਜਕਤਾ ਦਾ ਨਤੀਜਾ ਨਹੀਂ ਹੈ। ਮੁੱਠੀਭਰ ਹਥਿਆਰਬੰਦ ਮੁਲਕਾਂ ਦੁਆਰਾ ਇੱਕ ਸੰਪੂਰਨ ਨਸਲ ਦੀ ਹਿੰਮਤ ਅਤੇ ਸਰੀਰ ਨੂੰ ਤੋੜਨ ਲਈ ਬੇਪ੍ਰਵਾਹ ਤੇ ਯੋਜਨਾਬੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ। ਫਲਸਤੀਨੀ ਬੱਚੇ ਇਸ ਲਈ ਨਹੀਂ ਮਰ ਰਹੇ ਕਿ ਦੁਨੀਆਂ ਵਿੱਚ ਭੋਜਨ ਨਹੀਂ ਹੈ, ਬਲਕਿ ਇਸ ਲਈ ਜਾਨ ਗੁਆ ਰਹੇ ਹਨ ਕਿ ਉਨ੍ਹਾਂ ਨੂੰ ਜਾਣਬੁੱਝ ਕੇ ਇਸ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ। ਬੁਨਿਆਦੀ ਜ਼ਰੂਰਤਾਂ, ਰੋਟੀ, ਪਾਣੀ ਤੇ ਦਵਾਈਆਂ ਰੋਕ ਕੇ ਯੁੱਧ ਦੇ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਇਸ ਪ੍ਰਕਾਰ ਇਹ ਕੇਵਲ ਮਾਨਵਵਾਦੀ ਸੰਕਟ ਨਹੀਂ ਸਗੋਂ ਜੰਗੀ ਅਪਰਾਧ ਹੈ। ਨਸਲਕੁਸ਼ੀ ਭਾਵੇਂ ਸ਼ਾਤੀ ਦੇ ਸਮੇਂ ਜਾਂ ਯੁੱਧ ਦੇ ਸਮੇਂ ਕੀਤੀ ਗਈ ਹੋਵੇ, ਕੌਮਾਂਤਰੀ ਕਾਨੂੰਨ ਅਨੁਸਾਰ ਇੱਕ ਅਪਰਾਧ ਹੈ ਜਿਸ ਨੂੰ ਰੋਕਣਾ ਅਤੇ ਅਪਰਾਧ ਕਰਨ ਵਾਲੇ ਨੂੰ ਸਜ਼ਾ ਦੇਣ ਦਾ ਉਪਬੰਧ ਹੈ।

ਗਾਜ਼ਾ 'ਤੇ ਇਜ਼ਰਾਇਲੀ ਹਮਲੇ ਦੇ ਸਿਆਸੀ ਕਾਰਨ ਅਤੇ ਵਿਸ਼ਵ ਸ਼ਕਤੀਆਂ ਦੀਆਂ ਸਿਆਸੀ ਗਿਣਤੀਆਂ ਮਿਣਤੀਆਂ ਭਾਵੇਂ ਕੁੱਝ ਵੀ ਹੋਣ ਪਰ ਮਨੁੱਖਤਾ ਪੱਖੋਂ ਹੁਣ ਗੱਲ ਕਿਤੇ ਅਗਾਂਹ ਚਲੇ ਗਈ ਹੈ। ਹਮਾਸ ਵਾਲੀ ਕਾਰਵਾਈ ਦਾ ਜੋ ਸਖ਼ਤ ਜਵਾਬ ਇਜ਼ਰਾਇਲ ਨੇ ਦੇਣਾ ਚਾਹਿਆ ਉਹ ਤਾਂ ਕਦੋਂ ਦਾ ਦਿੱਤਾ ਜਾ ਚੁੱਕਾ ਹੈ। ਦਰਅਸਲ ਇਜ਼ਰਾਇਲ ਨੇ ਕਦੇ ਵੀ ਨਹੀਂ ਚਾਹਿਆ ਕਿ ਕੋਈ ਵੀ ਗੁਆਂਢੀ ਮੁਲਕ ਉਸ ਅੱਗੇ ਸਿਰ ਚੁੱਕ ਸਕੇ। ਅਮਰੀਕੀ ਸ਼ਹਿ 'ਤੇ ਉਹ ਇਸ ਖਿੱਤੇ ਵਿੱਚ ਦਹਾਕਿਆਂ ਤੋਂ ਧੌਂਸ ਜਮਾਉਂਦਾ ਆ ਰਿਹਾ ਹੈ। ਇਰਾਨ ਨਾਲ ਫੌਜੀ ਟਕਰਾ ਦਾ ਕਾਰਨ ਵੀ ਇਹੋ ਸੀ। ਅਸਲ ਵਿੱਚ ਇਹ ਜੰਗ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਆਪਣੇ ਖਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਲਈ ਮੁਕੱਦਮੇ ਤੋਂ ਬਚਣ ਅਤੇ ਇਜ਼ਰਾਇਲ ਵਿੱਚ ਉਨ੍ਹਾਂ ਦੀ ਸਰਕਾਰ ਦੇ ਚੋਣਾਂ ਵਿੱਚ ਦੇਰੀ ਕਰਨ, ਅਮਰੀਕੀ ਰਾਜਨੀਤਿਕ ਅਰਥਵਿਵਸਥਾ ਨੂੰ ਆਪਣੀ ਵਿਸ਼ਵ ਲੀਡਰਸ਼ਿਪ ਅਤੇ ਹਥਿਆਰਾਂ ਦੀ ਵਿੱਕਰੀ ਲਈ ਅਤੇ ਪੱਛਮੀ ਮੁਲਕਾਂ ਨੂੰ ਮੱਧ ਪੂਰਬ ਵਿੱਚ ਸਰੋਤਾਂ ਅਤੇ ਹਥਿਆਰਾਂ ਦੀ ਮਾਰਕੀਟ ਵਿੱਚ ਹਿੱਸੇਦਾਰੀ ਦੇ ਹਿਤਾਂ ਦੀ ਪੂਰਤੀ ਕਰਦੀ ਹੈ।

ਅਜੇ ਤੱਕ ਤਾਂ ਆਲਮੀ ਭਾਈਚਾਰਾ ਇਸ ਨਸਲਕੁਸ਼ੀ ਪ੍ਰਤੀ ਚੁੱਪ ਧਾਰੀ ਬੈਠਾ ਹੈ। ਕਾਰਪੋਰੇਟ ਮੀਡੀਆ ਕਾਤਲਾਂ ਨੂੰ ਖੁਸ਼ ਕਰਨ ਤੇ ਪੀੜਤਾਂ ਨੂੰ ਦੋਸ਼ੀ ਠਹਿਰਾਉਣ ਲਈ ਗੱਲਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਜਾਰੀ ਰੱਖ ਰਿਹਾ ਹੈ ਤੇ ਉਹ ਪਲ-ਪਲ ਰੂਪ ਬਦਲ ਰਿਹਾ ਹੈ। ਉਹ ਦੇਸ਼, ਜੋ ਦੁਨੀਆਂ ਨੂੰ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਉੱਤੇ ਭਾਸ਼ਣ ਦੇਣ ਤੋ ਕਦੇ ਨਹੀਂ ਝਿਜਕਦੇ, ਆਪ ਹੁਣ ਸਭ ਚੁੱਪਚਾਪ ਦੇਖ ਰਹੇ ਹਨ। ਅਸੀਂ ਭਾਰਤੀ ਵੀ ਉਨ੍ਹਾਂ ਮੁਲਕਾਂ 'ਚ ਹੀ ਗਿਣੇ ਜਾਣ ਕਰ ਕੇ ਅਸਹਿਜ ਮਹਿਸੂਸ ਕਰ ਰਹੇ ਹਾਂ। ਕੌਮਾਂਤਰੀ ਕਾਨੂੰਨਾਂ ਤਹਿਤ ਭਾਰਤ ਦੀ ਵੀ ਜ਼ਿੰਮੇਵਾਰੀ ਹੈ ਕਿ ਇਜ਼ਰਾਇਲ ਦੀਆਂ ਇਨ੍ਹਾਂ ਧੱਕੇਸ਼ਾਹੀ ਕਾਰਵਾਈਆਂ ਨੂੰ ਨਸਲਕੁਸ਼ੀ ਮੰਨਿਆਂ ਜਾਵੇ ਅਤੇ ਇਨ੍ਹਾਂ ਨੂੰ ਰੋਕਣ ਲਈ ਸਰਗਰਮ ਯਤਨ ਹੋਣ, ਨਾ ਕਿ ਅਜਿਹੀ ਕੂਟਨੀਤਿਕ ਚੁੱਪ ਧਾਰੀ ਜਾਵੇ ਜੋ ਅਜਿਹੇ ਕਾਰਜਾਂ ਨੂੰ ਜਾਰੀ ਰੱਖਣ ਲਈ ਅਸਿੱਧੇ ਰੂਪ ਵਿੱਚ ਸਹਾਈ ਹੋਵੇ। ਹੁਣ ਗਾਜ਼ਾ ਸਿਰਫ਼ ਦੁੱਖ ਦਾ ਪ੍ਰਤੀਕ ਨਹੀਂ ਹੈ, ਬਲਕਿ ਇਹ ਵੀ ਦਰਸਾਉਂਦਾ ਹੈ ਕਿ ਜਦੋਂ ਸੰਸਾਰ ਚੁੱਪ ਧਾਰ ਲੈਂਦਾ ਹੈ ਤਾਂ ਕਿਸੇ ਦੀ ਜਾਨ ਲੈਣੀ ਕਿੰਨੀ ਸੁਖਾਲੀ ਹੈ। ਹੁਣ ਦੁਨੀਆਂ ਸਾਹਮਣੇ ਮਨੁੱਖਤਾ ਦੇ ਹੱਕ ਵਿੱਚ ਡਟਣ ਦੀ ਵੰਗਾਰ ਹੈ।

❊ ❊ ❊ ❊ ❊



## ਮਿਹਨਤ

ਗੁਰਵਿੰਦਰ ਕੌਰ

ਉੱਠ ਬੰਦਿਆ ਤੂੰ ਗਿਰ ਕੇ ਫਿਰ ਤੋਂ
ਕੋਸ਼ਿਸ਼ ਕਰਨੀ ਛੱਡੀਂ ਨਾਂ।
ਬਿਨ ਮਿਹਨਤ ਨਾ ਕੁਝ ਵੀ ਮਿਲਦਾ,
ਦਿਲ ਚੋਂ ਇਹ ਗੱਲ ਕੱਢੀ ਨਾਂ।
ਵਿਹਲੇ ਤਾਂ ਬੱਸ ਦੇਣ ਸਲਾਹਾਂ,
ਔਖੀਆਂ ਦਿੱਸਣ ਸਾਰੀਆਂ ਰਾਹਾਂ।
ਜਦ ਤੱਕ ਮੰਜਲ ਤੱਕ ਨਾ ਪਹੁੰਚੋ,
ਸੌਂ ਕੇ ਵਕਤ ਤੂੰ ਕੱਢੀ ਨਾਂ।
ਔਖੇ ਵੇਲੇ ਡੋਲ ਨਾ ਜਾਵੀਂ,
ਸਦਾ ਤੂ ਰੱਬ ਦਾ ਨਾਮ ਧਿਆਵੀਂ।
ਲੋੜਵੰਦ ਵੱਲ ਹੱਥ ਵਧਾਵੀਂ,
ਮੰਦਾ ਬੋਲ ਬਦ- ਅਸੀਸ ਖੱਟੀ ਨਾਂ।
ਜੱਗ ਜਾਣਦਾ ਸਾਰਾ ਇਹ,
ਮਿਹਨਤ ਦਾ ਫੱਲ ਮਿੱਠਾ ਹੁੰਦਾ,
ਵਿੱਚ ਅਸਮਾਨਾਂ ਚਮਕੇ ਤਾਂ ਹੀ
ਕਿਸਮਤ ਤੇ ਗੱਲ ਛੱਡੀ ਨਾਂ।

ਅਪ੍ਰੈਲ – ਜੂਨ 2025 ਦੌਰਾਨ

## ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



**ਖ਼ੂਨਦਾਨ ਕੈਂਪ–** ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਸੈਣੀ ਭਵਨ ਰੂਪਨਗਰ ਵਿਖੇ 24ਵਾਂ ਖ਼ੂਨਦਾਨ ਕੈਂਪ 6 ਜੁਲਾਈ, 2025 ਨੂੰ ਆਯੋਜਿਤ ਕੀਤਾ ਗਿਆ। ਇਸ ਵਿੱਚ 74 ਵਿਅਕਤੀਆਂ ਨੇ ਖ਼ੂਨ ਦਾਨ ਕੀਤਾ। ਇਸ ਕੈਂਪ ਦਾ ਉਦਘਾਟਨ ਰੂਪਨਗਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਕੀਤਾ। ਡਾ.ਮਨੀਸ਼ ਜੀ ਦੀ ਅਗਵਾਈ ਹੇਠ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਨੇ ਖ਼ੂਨ ਇੱਕੱਤਰ ਕੀਤਾ। ਇਸ ਕੈਂਪ ਨੂੰ ਰਜਨੀ ਹਰਬਲਜ਼, ਮਲਿਕਪੁਰ ਨੇ ਆਪਣੀ ਫਰਮ ਵਲੋਂ ਤਿਆਰ ਕੀਤੀਆਂ ਵਸਤੂਆਂ ਖ਼ੂਨਦਾਨੀਆਂ ਨੂੰ ਤੋਹਫ਼ੇ ਵਜੋਂ ਭੇਂਟ ਕਰ ਕੇ, ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ ਨੇ ਪਾਣੀ ਤੇ ਬਰੈਡ ਦੀ ਸੇਵਾ ਕਰ ਕੇ ਅਤੇ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਵਲੋਂ ਦੁੱਧ ਅਤੇ ਕੇਲਿਆਂ ਦੀ ਸੇਵਾ ਨਾਲ ਸਫ਼ਲ ਬਣਾਉਣ ਵਿੱਚ ਸਹਾਇਤਾ ਕੀਤੀ। ਖ਼ੂਨਦਾਨ ਕੈਂਪ ਵਿੱਚ ਜੋਰਾਵਰ ਸਿੰਘ, ਮਨਜੀਤ ਸਿੰਘ ਤੰਬੜ ਸਮੇਤ ਤਿੰਨ ਸਾਥੀਆਂ, ਪ੍ਰੇਮ ਸਿੰਘ, ਅਮਿਤ ਸੈਣੀ, ਸੁਨੀਲ, ਹਰਜੀਤ ਸਿੰਘ, ਸਤਵੀਰ ਸਿੰਘ, ਵਿਸ਼ਾਲ ਸੈਣੀ, ਕੰਵਰਜੀਤ ਸਿੰਘ ਤੇ ਅਭਿਸ਼ੇਕ ਸੈਣੀ, ਗੁਰਵਿੰਦਰ ਲਾਡੀ, ਅਨੁਰਾਗ ਸੈਣੀ, ਸ.ਗੁਰਪਾਲ ਸਿੰਘ ਤੇ ਉਨ੍ਹਾਂ ਦੀ ਪਤਨੀ ਸ਼੍ਰੀਮਤੀ ਮਨਜੀਤ ਕੌਰ, ਰਾਕ ਸਟਾਰ ਕਲੱਬ ਦੀ ਪ੍ਰਧਾਨ ਦੀਪਤੀ ਗੁਪਤਾ, ਸੀਮਾ ਸੈਣੀ ਤੇ ਰਾਜਿੰਦਰ ਕੌਰ ਨੇ ਖ਼ੂਨ ਦਾਨ ਕੀਤਾ। ਇਸ ਸਮੇਂ ਯੈਸ ਬੈਂਕ ਰੂਪਨਗਰ ਦੇ ਮੈਨੇਜਰ ਅਤੇ ਸਟਾਫ਼ ਨੇ ਹਾਜ਼ਰ ਹੋ ਕੇ 5000 ਰੁਪਏ ਦੀ ਵਿੱਤੀ ਮਦਦ ਕੀਤੀ ਅਤੇ ਖ਼ੂਨਦਾਨ ਕੀਤਾ। ਇੰਨਰਵੀਲ੍ਹ ਕਲੱਬ ਨੇ 3100 ਰੁਪਏ, ਰੋਟਰੀ ਕਲੱਬ ਨੇ 2100 ਰੁਪਏ ਅਤੇ ਰਾਕ ਸਟਾਰ ਕਲੱਬ ਨੇ 1000 ਰੁਪਏ ਸੈਣੀ ਭਵਨ ਨੂੰ ਦਾਨ ਕੀਤੇ। ਮੁੱਖ ਮਹਿਮਾਨ ਜੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਖ਼ੂਨਦਾਨ ਵਰਗਾ ਨੇਕ ਕਾਰਜ ਕਰਨਾ ਬਹੁਤ ਹੀ ਜਨ ਭਲਾਈ ਦਾ ਕੰਮ ਹੈ। ਖ਼ੂਨਦਾਨੀ ਮਾਨਵਤਾ ਨੂੰ ਨਵਾਂ ਜੀਵਨ ਦਾਨ ਦੇਣ ਦਾ ਕਾਰਜ ਕਰਦੇ ਹਨ। ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਸੰਸਥਾ ਦੇ ਟਰੱਸਟੀ ਸ.ਗੁਰਮੁਖ ਸਿੰਘ ਨੇ ਵਿਸ਼ੇਸ਼ ਉਪਰਾਲੇ ਕੀਤੇ ਅਤੇ ਹੋਰ ਟਰੱਸਟੀਆਂ ਨੇ ਵੀ ਆਪਣਾ ਬਣਦਾ ਯੋਗਦਾਨ ਪਾਇਆ। ਸੰਸਥਾ ਦੇ ਪੀ.ਆਰ.ਓ. ਸ਼੍ਰੀ ਰਾਜਿੰਦਰ ਸੈਣੀ ਨੇ ਸਾਰੇ ਮਹਿਮਾਨਾਂ ਅਤੇ ਖ਼ੂਨਦਾਨੀਆਂ ਦਾ ਸਵਾਗਤ ਕੀਤਾ, ਪ੍ਰਧਾਨ ਡਾ.ਅਜਮੇਰ ਸਿੰਘ ਨੇ ਸੈਣੀ ਭਵਨ ਦੇ ਸਮਾਜਸੇਵੀ ਕਾਰਜਾਂ 'ਤੇ ਰੋਸ਼ਨੀ ਪਾਈ।

**ਸੈਣੀ ਅਧਿਕਾਰੀ ਦਾ ਸਨਮਾਨ**– ਇਸ ਸਮਾਗਮ ਵਿੱਚ ਮੁੱਖ ਮਹਿਮਾਨ ਅਤੇ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਮੈਂਬਰਾਂ ਨੇ ਬਰਾਦਰੀ ਦੇ ਨਵੇਂ ਪਦਉਨਤ ਹੋਏ ਡੀ.ਐਸ.ਪੀ ਸ. ਹਰਕੀਰਤ ਸਿੰਘ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ। ਵਕਤਾਵਾਂ ਨੇ ਉਨ੍ਹਾਂ ਦੀ ਹੋਰ ਤਰੱਕੀ ਲਈ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਸਮਾਜ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਪੁਲਿਸ ਅਧਿਕਾਰੀ ਨੇ ਖ਼ੂਨਦਾਨੀਆਂ ਨੂੰ ਸਰਟੀਫੀਕੇਟ ਵੀ ਅਰਪਣ ਕੀਤੇ ਅਤੇ ਉਨ੍ਹਾਂ ਨੂੰ ਇਸ ਨੇਕ ਕਾਰਜ ਲਈ ਵਧਾਈ ਦਿੱਤੀ।

**ਮਿਨੀ ਹਾਲ ਦਾ ਉਦਘਾਟਨ**– ਇਸ ਮੌਕੇ ਮੁੱਖ ਮਹਿਮਾਨ ਜੀ ਨੇ ਸੈਣੀ ਭਵਨ ਵਿਖੇ ਨਵੇਂ ਉਸਾਰੇ ਗਏ ਮਿੰਨੀ ਹਾਲ ਦਾ ਉਦਘਾਟਨ ਵੀ ਕੀਤਾ। ਇਹ ਹਾਲ ਲੋਕ ਸਭਾ ਮੈਂਬਰ ਸ਼੍ਰੀ ਮਨੀਸ਼ ਤਿਵਾੜੀ ਵਲੋਂ ਦਿੱਤੇ 5 ਲੱਖ ਰੁਪਏ, ਪੰਜਾਬ ਦੇ ਮਾਲ ਮੰਤਰੀ ਸ.ਹਰਦੀਪ ਸਿੰਘ ਮੁੰਡੀਆਂ ਵਲੋਂ ਦਿੱਤੇ 5 ਲੱਖ ਰੁਪਏ, ਇੰਜ.ਭਗਵਾਨ ਸਿੰਘ ਪੰਚਕੂਲਾ ਵਲੋਂ ਦਾਨ ਦਿੱਤੇ 4.5 ਲੱਖ ਰੁਪਏ ਅਤੇ ਸਵ. ਅਮਰੀਕ ਸਿੰਘ ਜੀ ਦੀ ਧਰਮ ਪਤਨੀ ਸ਼੍ਰੀਮਤੀ ਹਰਮਿੰਦਰ ਕੌਰ ਵਲੋਂ ਦਿੱਤੇ 1 ਲੱਖ ਰੁਪਏ ਨਾਲ ਸੰਪੂਰਨ ਕੀਤਾ ਗਿਆ ਹੈ। ਮੁੱਖ ਮਹਿਮਾਨ ਜੀ ਨੇ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਸੈਣੀ ਭਵਨ ਦੇ ਵਿਕਾਸ ਕਾਰਜਾਂ ਲਈ ਪੰਜਾਬ ਸਰਕਾਰ ਤੋਂ ਹੋਰ ਰਾਸ਼ੀ ਪ੍ਰਵਾਨ ਕਰਵਾਉਣ ਦਾ ਐਲਾਨ ਕੀਤਾ।

**ਮੈਗਜ਼ੀਨ ਸੈਣੀ ਸੰਸਾਰ ਦਾ ਲੋਕ–ਅਰਪਣ–** ਇਸ ਸਮੇਂ ਤਿਮਾਹੀ ਮੈਗਜ਼ੀਨ 'ਸੈਣੀ ਸੰਸਾਰ' ਦੇ 57ਵੇਂ ਅੰਕ ਨੂੰ ਲੋਕ ਅਰਪਣ ਕੀਤਾ ਗਿਆ। ਇਹ ਰਸਮ ਸੈਣੀ ਭਵਨ ਦੇ ਦਾਨੀ, ਸਮਾਜ ਸੇਵੀ ਅਤੇ ਸਾਬਕਾ ਨਗਰ ਕੌਂਸਲਰ ਸ. ਗੁਰਮੁਖ ਸਿੰਘ ਸੈਣੀ ਨੇ ਅਦਾ ਕੀਤੀ। ਮੈਗਜ਼ੀਨ ਦੇ ਮੁੱਖ ਸੰਪਾਦਕ ਡਾ.ਅਜਮੇਰ ਸਿੰਘ ਨੇ ਹਾਜ਼ਰੀਨ ਦਾ ਸਵਾਗਤ ਕੀਤਾ ਅਤੇ ਦੱਸਿਆ ਕਿ ਇਸ ਮੈਗਜ਼ੀਨ ਵਿੱਚ ਛਪਦੀਆਂ ਰਚਨਾਵਾਂ ਵਿਗਿਆਨਕ ਅਤੇ ਨਰੋਈ ਜੀਵਨ ਜਾਚ ਨਾਲ ਸਬੰਧਿਤ ਹੁੰਦੀਆਂ ਹਨ। ਇਸ ਵਿੱਚ ਛਪਦੇ ਕਾਲਮ, ਰਿਸ਼ਤੇ–ਨਾਤੇ' ਨੇ ਦਰਜਨਾਂ ਹੀ ਲੋੜਵੰਦ ਮਾਪਿਆਂ ਨੂੰ ਆਪਣੇ ਨੌਜਵਾਨ ਬੱਚਿਆਂ ਲਈ ਯੋਗ ਰਿਸ਼ਤਾ ਲੱਭਣ ਵਿੱਚ ਸਹਾਇਤਾ ਕੀਤੀ ਹੈ। ਇਸ ਮੈਗਜ਼ੀੰਨ ਰਾਹੀਂ ਬਰਾਦਰੀ ਦੇ ਮਾਣਮੱਤੇ ਵਿਰਸੇ ਨੂੰ ਉਜਾਗਰ ਕਰਨ ਲਈ ਸ਼ਹੀਦਾਂ ਅਤੇ ਮਹਾਨ ਵਿਅਕਤੀਆਂ ਦੀਆਂ ਜੀਵਣੀਆਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਇਸ ਮੌਕੇ ਮੈਗਜ਼ੀਨ ਦੀ ਵਿਤੀ ਸਹਾਇਤਾ ਲਈ ਅਮਰੀਕਾ ਦੇ ਸ਼ਹਿਰ ਡੈਲਸ ਦੇ ਕਮਿਊਨਿਟੀ ਕਾਲਜ ਵਿੱਚ ਅੰਗ੍ਰੇਜ਼ੀ ਦੀ ਪ੍ਰੋਫੈਸਰ ਡਾ.ਮਾਨਵਪ੍ਰੀਤ ਕੌਰ ਨੇ ਆਪਣੇ ਪਿਤਾ ਡਾ.ਅਜਮੇਰ ਸਿੰਘ ਰਾਹੀਂ 21000 ਰੁਪਏ ਦਾਨ ਕੀਤੇ।

ਇਨ੍ਹਾਂ ਸਮਾਗਮਾਂ ਮੌਕੇ ਸਰਕਾਰੀ ਕਾਲਜ ਰੂਪਨਗਰ ਦੇ ਨੁਮਾਂਇੰਦੇ, ਸੁਖਜਿੰਦਰ ਸਿੰਘ ਮੋਹਾਲੀ, ਸਰਪੰਚ ਵਿਕਰਮ ਚੌਧਰੀ, ਤਰਸੇਮ ਸਿੰਘ, ਇੰਜ. ਕਰਨੈਲ ਸਿੰਘ, ਇੰਜ.

ਗੁਰਦੀਪ ਸਿੰਘ, ਸੰਦੀਪ ਸਿੰਘ ਤੋਂ ਇਲਾਵਾ ਸੈਣੀ ਭਵਨ ਦੇ ਪ੍ਰਬੰਧਕ ਸ.ਬਲਬੀਰ ਸਿੰਘ ਸੈਣੀ, ਕੈਪਟਨ (ਰਿਟਾ.) ਹਾਕਮ ਸਿੰਘ, ਸ. ਰਾਮ ਸਿੰਘ ਸੈਣੀ, ਸ.ਰਾਜਿੰਦਰ ਸਿੰਘ ਨਨੂਆਂ, ਬਹਾਦਰਜੀਤ ਸਿੰਘ, ਅਮਰਜੀਤ ਸਿੰਘ, ਡਾ.ਹਰਚਰਨ ਦਾਸ, ਡਾ. ਜਸਵੰਤ ਕੌਰ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਸ.ਰਾਜਿੰਦਰ ਸਿੰਘ ਗਿਰਨ, ਸ.ਪ੍ਰਿਤਪਾਲ ਸਿੰਘ, ਸ.ਦਲਜੀਤ ਸਿੰਘ, ਸ਼੍ਰੀ ਜਗਦੇਵ ਸਿੰਘ, ਸ.ਸੁਰਿੰਦਰ ਸਿੰਘ, ਪ੍ਰਿੰਸੀਪਲ(ਰਿਟਾ.) ਰਾਵਿੰਦਰ ਕੌਰ ਅਤੇ ਮੈਨੇਜਰ ਸ. ਹਰਦੀਪ ਸਿੰਘ ਹਾਜ਼ਰ ਸਨ।

**ਤੀਆਂ ਦਾ ਤਿਉਹਾਰ ਮਨਾਇਆ**- ਸੈਣੀ ਭਵਨ ਵਿਖੇ 25 ਜੁਲਾਈ, 2025 ਨੂੰ ਵੱਖ ਵੱਖ ਕਿੱਤਾਮੁਖੀ ਕੋਰਸ ਕਰ ਰਹੀਆਂ ਸਿਖਿਆਰਥਣਾ ਵਲੋਂ ਤੀਆਂ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਸਿਖਿਆਰਥਣਾ ਅਮਨਪ੍ਰੀਤ ਕੌਰ, ਮਨਪ੍ਰੀਤ ਕੌਰ, ਮਨਮੀਤ ਕੌਰ, ਸਰਨਜੀਤ ਕੌਰ, ਜਸਲੀਨ ਕੌਰ, ਕਿਰਨਜੀਤ ਕੌਰ, ਮਨੀਸ਼ਾ, ਨੰਦਨੀ ਨੇ ਮਿਲ ਕੇ ਸੋਲੋ ਡਾਂਸ, ਗਰੁੱਪ ਡਾਂਸ ਤੇ ਗਿੱਧੇ ਦੇ ਰੂਪ ਵਿੱਚ ਨੱਚ ਟੱਪ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਸਮਾਗਮ ਵਿੱਚ ਇੰਨਰਵੀਲ੍ਹ ਕਲੱਬ ਰੂਪਨਗਰ ਦੀ ਟੀਮ ਪ੍ਰਧਾਨ ਸ਼੍ਰੀਮਤੀ ਗੁਰਮੀਤ ਕੌਰ, ਸਕੱਤਰ ਕੁਸਮ ਸ਼ਰਮਾ ਦੀ ਅਗਵਾਈ ਵਿੱਚ ਹਾਜ਼ਰ ਹੋਈ। ਉਨ੍ਹਾਂ ਸਿਖਿਆਰਥਣਾ ਨਾਲ ਤੀਆਂ ਦੀ ਖੁਸ਼ੀ ਸਾਂਝੀ ਕੀਤੀ ਤੇ ਸੈਣੀ ਭਵਨ ਸਵੈਸੇਵੀ ਸੰਸਥਾ ਦੀ 2100 ਰੁਪਏ ਨਾਲ ਮਦਦ ਕੀਤੀ। ਸਮਾਗਮ ਵਿੱਚ ਰੂਪਨਗਰ ਦੀਆਂ ਕੌਂਸਲਰਜ਼-ਸ਼੍ਰੀਮਤੀ ਨੀਰੂ ਗੁਪਤਾ, ਸ਼੍ਰੀਮਤੀ ਕੁਲਵਿੰਦਰ ਕੌਰ ਤੇ ਜਸਪਿੰਦਰ ਕੌਰ ਪਿੰਕਾ ਤੋਂ ਇਲਾਵਾ ਇੰਨਰਵੀਲ੍ਹ ਕਲੱਬ ਦੀਆਂ ਕੁਲਵਿੰਦਰ ਕੌਰ ਸੈਣੀ, ਆਸਿਮਾ ਅਗਰਵਾਲ, ਵਿਨੀਤਾ ਗੁਪਤਾ, ਪਰਮਿੰਦਰ ਕੌਰ ਪੰਧੋਰਲ, ਭਗਵੰਤ ਕੌਰ ਅਤੇ ਸ਼੍ਰੀਮਤੀ ਵਿਜੈ ਲਕਸ਼ਮੀ ਹਾਜ਼ਰ ਸਨ। ਇਸ ਪ੍ਰੋਗਰਾਮ ਦੀ ਤਿਆਰੀ ਸੈਣੀ ਭਵਨ ਦੀਆਂ ਅਧਿਆਪਕਾਵਾਂ ਸ਼੍ਰੀਮਤੀ ਕਿਰਨ ਜੋਸ਼ੀ, ਅਮਨਪ੍ਰੀਤ ਕੌਰ, ਮਨਦੀਪ ਕੌਰ ਅਤੇ ਸੁਖਵਿੰਦਰ ਕੌਰ ਵਲੋਂ ਕਰਵਾਈ ਗਈ। ਇਹ ਸਾਰਾ ਪ੍ਰੋਗਰਾਮ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੀ ਦੇਖਰੇਖ ਵਿੱਚ ਨੇਪਰੇ ਚੜ੍ਹਿਆ। ਪ੍ਰੋਗਰਾਮ ਦੇ ਅਖੀਰ ਵਿੱਚ ਸੈਣੀ ਭਵਨ ਦੇ ਪ੍ਰਬੰਧਕਾਂ ਅਤੇ ਸਿਖਿਆਰਥਣਾਂ ਵਲੋਂ ਇਕੱਤਰ ਹੋਈ ਰਾਸ਼ੀ ਨਾਲ ਸਾਰੇ ਹਾਜ਼ਰੀਨ ਨੂੰ ਰਿਫਰੈਸ਼ਮੈਂਟ ਨਾਲ ਨਿਵਾਜਿਆ ਗਿਆ।

**ਰੁਜ਼ਗਾਰ-ਚੇਤਨਾ ਸਬੰਧੀ ਸੈਮੀਨਾਰ**- ਤੀਆਂ ਦੇ ਤਿਉਹਾਰ ਦੇ ਸਮਾਗਮ ਤੋਂ ਪਹਿਲਾਂ ਨਹਿਰੂ ਯੁਵਾ ਕੇਂਦਰ ( ਹੁਣ ਮੇਰਾ ਯੁਵਾ ਭਾਰਤ) ਰੂਪਨਗਰ ਵਲੋਂ ' ਇੰਟਰਨੈਸ਼ਨਲ ਯੂਥ ਸਕਿੱਲ ਦਿਵਸ' 'ਤੇ ਇਕ ਸੈਮੀਂਨਾਰ ਕਰਵਾਇਆ ਗਿਆ ਜਿਸ ਵਿੱਚ ਆਈ.ਟੀ.ਆਈ ਰੂਪਨਗਰ ਦੀ ਇੱਕ ਇੰਸਟਕਟਰ ਨੇ ਵਿਦਵਤਾ ਭਰਪੂਰ ਭਾਸ਼ਣ ਦਿੱਤਾ ਜਿਸ ਰਾਹੀ ਨੌਜਵਾਨ ਸਿਖਿਆਰਥਣਾਂ ਨੂੰ ਆਤਮਵਿਸ਼ਵਾਸ ਨਾਲ ਜ਼ਿੰਦਗੀ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਕੀਤੀ ਗਈ। ਮੇਰਾ ਯੁਵਾ ਭਾਰਤ ਦੇ ਕੋਆਰਡੀਨੇਟਰ ਨੇ ਸੈਣੀ ਭਵਨ ਨੂੰ 2000 ਰੁਪਏ ਸਹਾਇਤਾ ਵਜੋਂ ਦਿੱਤੇ। ਡਾ.ਅਜਮੇਰ ਸਿੰਘ ਨੇ ਨਹਿਰੂ ਯੁਵਾ ਕੇਂਦਰ ਦੇ ਅਧਿਕਾਰੀਆਂ ਦਾ ਸਵਾਗਤ ਕੀਤਾ ਅਤੇ ਜਨਰਲ ਸਕੱਤਰ ਸ. ਬਲਬੀਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਇਸ ਸਮੇਂ ਸੈਣੀ ਭਵਨ ਦੇ ਟਰੱਸਟੀ ਸ. ਰਾਮ ਸਿੰਘ, ਡਾ.ਜਸਵੰਤ ਕੌਰ, ਸ਼੍ਰੀ ਰਾਜਿੰਦਰ ਸੈਣੀ, ਇੰਜ. ਹਰਜੀਤ ਸਿੰਘ, ਕੈਪਟਨ ਹਾਕਮ ਸਿੰਘ, ਸ. ਰਾਜਿੰਦਰ ਸਿੰਘ ਗਿਰਨ, ਡਾ.ਹਰਚਰਨ ਦਾਸ, ਸ.ਅਮਰਜੀਤ ਸਿੰਘ, ਸ. ਦਲਜੀਤ ਸਿੰਘ, ਸ਼੍ਰੀ ਜਗਦੇਵ ਸਿੰਘ, ਸ. ਸੁਰਿੰਦਰ ਸਿੰਘ ਅਤੇ ਮੈਨੇਜਰ ਸ. ਹਰਦੀਪ ਸਿੰਘ ਹਾਜ਼ਰ ਸਨ।



**ਸਨਮਾਨ**- ਆਮ ਆਦਮੀ ਪਾਰਟੀ ਦੀ ਰੂਪਨਗਰ ਜ਼ਿਲ੍ਹਾ ਇਕਾਈ ਦੇ ਜ਼ਿਲ੍ਹਾ ਸਕੱਤਰ **ਸ਼੍ਰੀ ਰਾਮ ਕੁਮਾਰ ਮੁਕਾਰੀ** ਪੰਜਾਬ ਵਿੱਚ ਨਵਗਠਿਤ ਸੈਣੀ ਭਲਾਈ ਬੋਰਡ ਦੇ ਚੇਅਰਮੈਨ ਨਿਯੁੱਕਤ ਕੀਤੇ ਗਏ ਹਨ। ਰੂਪਨਗਰ ਜ਼ਿਲ੍ਹੇ ਦੇ ਜੁਝਾਰ ਸਿੰਘ ਮੁਲਤਾਨੀ, ਪਠਾਨਕੋਟ ਦੇ ਸ਼੍ਰੀ ਨਰੇਸ਼ ਸੈਣੀ, ਲੁਧਿਆਣਾ ਤੋਂ ਸ਼੍ਰੀ ਜਗਦੀਸ਼ ਸੈਣੀ ਅਤੇ ਰਣਜੀਤਪਾਲ ਸਿੰਘ ਨੂੰ ਇਸ ਬੋਰਡ ਦੇ ਮੈਂਬਰ ਬਣਾਇਆ ਗਿਆ ਹੈ। ਰਾਮ ਕੁਮਾਰ ਮੁਕਾਰੀ ਇਸ ਸਮੇਂ ਪੰਜਾਬ ਐਗਰੋ ਦੇ ਡਾਇਰੈਕਟਰ ਹਨ। ਉਹ ਪਹਿਲਾਂ ਨਗਰ ਸੁਧਾਰ ਟਰੱਸਟ ਨੰਗਲ ਦੇ ਚੇਅਰਮੈਨ ਵੀ ਰਹਿ ਚੁੱਕੇ ਹਨ। ਆਪ ਨੌਜਵਾਨ ਆਗੂ ਹਨ ਜਿਹੜੇ ਹਰ ਸਮੇਂ ਲੋਕ ਭਲਾਈ ਦੇ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ। ਆਪ ਸੈਣੀ ਭਵਨ ਰੂਪਨਗਰ ਦੇ ਸ਼ੁੱਭਚਿੰਤਕ ਹਨ। ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ 23 ਅਗਸਤ, 2025 ਨੂੰ ਸੈਣੀ ਭਵਨ ਵਿਖੇ ਮੁਕਾਰੀ ਸਾਹਿਬ ਅਤੇ ਉਨ੍ਹਾਂ ਦੀ ਧਰਮ ਪਤਨੀ ਦਾ ਸਨਮਾਨ ਕੀਤਾ ਗਿਆ।

**ਅਣਗੌਲੇ ਸੈਣੀ ਯੋਧੇ ਨੂੰ ਉਜਾਗਰ ਕਰਨ ਦਾ ਉਪਰਾਲਾ**- ਕਈ ਅਜਿਹੇ ਯੋਧੇ ਵੀ ਹਨ ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਸਮਾਜ ਵਿੱਚ ਬਹੁਮੁੱਲੀਆਂ ਤਬਦੀਲੀਆਂ ਆਈਆਂ ਪਰ ਉਨ੍ਹਾਂ ਨੂੰ ਇਤਿਹਾਸ ਵਿੱਚ ਬਣਦਾ ਸਥਾਨ ਨਹੀਂ ਮਿਲਿਆ। ਇਹ ਆਮ ਤੌਰ 'ਤੇ ਉਦੋਂ ਹੁੰਦਾ ਹੈ ਜਦੋਂ ਇਨ੍ਹਾਂ ਯੋਧਿਆਂ ਦੇ ਵਾਰਸ ਆਪਣੇ ਵਿਰਸੇ ਪ੍ਰਤੀ ਅਵੇਸਲੇ ਹੁੰਦੇ ਹਨ। ਅਜਿਹਾ ਹੀ ਇੱਕ ਬਹੁਪੱਖੀ ਸਖਸ਼ੀਅਤ ਦਾ ਮਾਲਕ ਸੈਣੀ ਯੋਧਾ, ਜਮਾਲਾ ਸਿੰਘ ਨਨੂੰਆਂ ਹੈ ਜਿਸ ਨੇ ਛੇਵੇਂ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਤੱਕ ਨਿਰਸਵਾਰਥ ਸੇਵਕ, ਲਿਖਾਰੀ ਤੇ ਸਿਰਲੱਥ ਯੋਧੇ ਦੇ ਰੂਪ ਵਿੱਚ ਗੁਰੂਘਰ ਦੀ ਬਹੁਮੁੱਲੀ ਸੇਵਾ ਨਿਭਾਈ ਪਰ ਉਸ ਦਾ ਇਤਿਹਾਸ ਵਿੱਚ ਉੱਘੜਵਾਂ ਜ਼ਿਕਰ ਨਹੀਂ ਹੈ।

ਸੈਣੀ ਭਵਨ ਦੇ ਟਰੱਸਟੀ ਸ.ਰਾਜਿੰਦਰ ਸਿੰਘ ਨਨੂੰਆਂ ਅਤੇ ਖੋਜੀ ਲਿਖਾਰੀ ਸ.ਸ਼ਮਿੰਦਰ ਸਿੰਘ ਭੱਕੂਮਾਜਰਾ ਨੇ ਦਰਜਨਾਂ ਇਤਿਹਾਸ ਪੁਸਤਕਾਂ ਨੂੰ ਘੋਖ ਕੇ ਪਾਇਆ ਹੈ ਕਿ ਭਾਈ

ਨਨੂਆਂ ਨਾਲ ਜਾਣੇ ਜਾਂਦੇ ਸੈਣੀ ਭਾਈਚਾਰੇ ਦੇ ਜਮਾਲਾ ਸਿੰਘ ਨਨੂਆਂ ਨੇ ਹੋਰ ਕੰਮਾਂ ਦੇ ਨਾਲ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦਾ ਪਵਿੱਤਰ ਸੀਸ ਸਾਂਭਣ ਅਤੇ ਅਨੰਦਪੁਰ ਸਾਹਬ ਲਿਆਉਣ ਵਿੱਚ ਵੀ ਦੋ ਹੋਰ ਸੇਵਕਾਂ ਭਾਈ ਜੈਤਾ (ਜੀਵਨ ਸਿੰਘ) ਅਤੇ ਭਾਈ ਉਦੈ (ਅੱਡਾ) ਜੀ ਦਾ ਸਾਥ ਦਿੱਤਾ ਸੀ। ਇਸ ਪ੍ਰਕਾਰ ਸੀਸ ਲਿਆਉਣ ਵਾਲੇ ਤਿੰਨ ਸੇਵਕ ਸਨ ਨਾਂ ਕਿ ਇੱਕ। ਵਿਡੰਬਨਾਂ ਇਹ ਹੈ ਕਿ ਆਮ ਪੁਸਤਕਾਂ ਵਿੱਚ ਕੇਵਲ ਭਾਈ ਜੈਤਾ ਜੀ ਦਾ ਹੀ ਨਾਮ ਹੈ ਅਤੇ ਪ੍ਰਚਾਰਕ ਵੀ ਉਸ ਨੂੰ ਹੀ 'ਰੰਘਰੇਟਾ ਗੁਰੂ ਕਾ ਬੇਟਾ' ਕਹਿ ਕੇ ਸਨਮਾਨ ਦਿੰਦੇ ਹਨ ਜੋ ਕਿ ਦੂਜੇ ਦੋ ਸੇਵਕਾਂ ਦਾ ਅਨਾਦਰ ਹੈ।



ਨਵੰਬਰ, 2025 ਵਿੱਚ ਗੁਰੂ ਤੇਗ ਬਹਾਦੁਰ ਜੀ ਦਾ 350ਵਾਂ ਸ਼ਹੀਦੀ ਦਿਵਸ ਮਨਾਇਆ ਜਾ ਰਿਹਾ ਹੈ। ਇਸ ਲਈ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਸੈਣੀ ਭਾਈਚਾਰੇ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਅਨੁਭਵ ਕਰਦਿਆਂ ਇਸ ਸਾਲ ਸਤੰਬਰ ਤੋਂ ਹੀ ਸਿੱਖ ਇਤਿਹਾਸ ਵਿੱਚ ਸੋਧ ਕਰਵਾਉਣ ਲਈ ਉਪਰਾਲੇ ਸ਼ੁਰੂ ਕੀਤੇ ਗਏ ਹਨ। ਇਸ ਉਦੇਸ਼ ਹਿਤ ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ 13 ਅਗਸਤ ਨੂੰ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਪਰਮਜੀਤ ਸਿੰਘ ਲੱਖੇਵਾਲ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਦੇ ਪ੍ਰਧਾਨ ਨੂੰ ਸ. ਹਰਜਿੰਦਰ ਸਿੰਘ ਧਾਮੀ ਨੂੰ ਜਲੰਧਰ ਵਿਖੇ ਅਤੇ ਰੂਪਨਗਰ ਹਲਕੇ ਦੇ ਸਾਬਕਾ ਅਕਾਲੀ ਮੰਤਰੀ ਸ. ਦਲਜੀਤ ਸਿੰਘ ਚੀਮਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਨੂੰ 15 ਅਗਸਤ ਨੂੰ ਗੁਰੁਦੁਆਰਾ ਭੱਠਾ ਸਾਹਿਬ ਵਿਖੇ ਮਿਲ ਕੇ ਬੇਨਤੀ ਪੱਤਰ ਸੌਂਪਿਆ ਗਿਆ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਰਿਕਾਰਡ ਵਿੱਚ ਸੋਧ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਲਈ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ 17 ਅਗਸਤ ਨੂੰ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੂੰ 24 ਅਗਸਤ ਨੂੰ ਰੂਪਨਗਰ ਵਿਖੇ ਨਿੱਜੀ ਪੱਧਰ 'ਤੇ ਮਿਲ ਕੇ ਖੋਜੀਆਂ ਵਲੋਂ ਤਿਆਰ ਕੀਤੇ ਗਏ ਦਸਤਾਵੇਜ਼ ਸੌਂਪੇ ਗਏ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਨੂੰ ਇਹ ਸੋਧ ਕਰਨ ਲਈ 21 ਅਗਸਤ ਨੂੰ ਸਾਬਕਾ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਮਟੇਬਰ ਅਤੇ ਹਰਨੇਕ ਸਿੰਘ ਸੈਣੀ ਗੜ੍ਹਸ਼ੰਕਰ ਰਾਹੀਂ, ਪ੍ਰਚਾਰ ਕਮੇਟੀ ਹਰਿਆਣਾ ਦੇ ਚੇਅਰਮੈਨ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਨਾਡਾ ਸਾਹਿਬ ਗੁਰਦੁਆਰਾ ਵਿਖੇ ਮਿਲ ਕੇ ਬੇਨਤੀ-ਪੱਤਰ ਸੌਂਪਿਆ ਗਿਆ। ਇਸ ਤੋਂ ਇਲਾਵਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਵੀ ਇਹ ਦਸਤਾਵੇਜ਼ ਸੌਂਪੇ ਗਏ ਹਨ।

❊ ❊ ❊ ❊ ❊



## ਅੱਖਾਂ

ਸੁਰਿੰਦਰ ਕੌਰ ਸੈਣੀ
ਰੂਪਨਗਰ

ਕਈ ਸਵਾਲ ਕਰ ਜਾਂਦੀਆਂ ਨੇ ਇਹ ਅੱਖਾਂ।
ਦਿਲ ਦੀਆਂ ਗੱਲਾਂ ਪੜ੍ਹ ਲੈਂਦੀਆਂ ਨੇ ਇਹ ਅੱਖਾਂ।
ਟੁੱਟੀ ਜ਼ਿੰਦਗੀ ਦੀ ਦਾਸਤਾਂ ਕਹਿ ਜਾਂਦੀਆਂ ਨੇ ਅੱਖਾਂ।
ਤੜਫ਼ਦੇ ਦਿਲਾਂ ਨੂੰ ਰੋ ਕੇ ਠਾਰ ਜਾਂਦੀਆਂ ਨੇ ਅੱਖਾਂ।
ਨਿੰਮ ਦੇ ਪੱਤੇ ਦਾ ਹਾਸਾ ਹੱਸ ਜਾਂਦੀਆਂ ਨੇ ਅੱਖਾਂ।
ਮਮਤਾ ਦੇ ਸੇਕ 'ਚ ਪਿਘਲ ਵਰ੍ਹ ਜਾਂਦੀਆਂ ਨੇ ਅੱਖਾਂ।
ਵੇਲੇ ਦੀਆਂ ਐਨਕਾਂ 'ਚ ਕੈਦ ਹੋ ਜਾਂਦੀਆਂ ਨੇ ਅੱਖਾਂ।
ਦੁੱਖ ਸੁੱਖ ਜ਼ਿੰਦਗੀ ਦਾ ਫੋਲ ਜਾਂਦੀਆਂ ਨੇ ਅੱਖਾਂ।
ਲੱਪ ਕੁ ਸੁਰਮਾ ਪਾ ਕੇ ਠੱਗ ਲੈਂਦੀਆਂ ਨੇ ਅੱਖਾਂ।
ਦੋ ਰੂਹਾਂ ਦੇ ਮੇਲ ਕਰਾ ਦਿੰਦੀਆਂ ਨੇ ਇਹ ਅੱਖਾਂ।
'ਸੈਣੀ' ਰਾਜ਼ ਦਿਲਾਂ ਦੇ ਡੂੰਘੇ ਢੱਕ ਲੈਂਦੀਆਂ ਨੇ ਅੱਖਾਂ।
ਚੰਨਾ ਦੂਰੋਂ ਹੀ ਦੀਦਾਰ ਤੇਰਾ ਕਰ ਲੈਂਦੀਆਂ ਨੇ ਅੱਖਾਂ।

❊ ❊ ❊ ❊ ❊



ਕਵਿਤਾ

## ਮਾਂ ਦੀ ਯਾਦ

ਤਾਰਾ ਸਿੰਘ ਚੇੜਾ

ਤੇਰੀ ਯਾਦ ਨੇ ਬਹੁਤ ਸਤਾਇਆ ਮਾਏਂ ਨੀ,
ਜਦ ਮਾਂ ਅੱਖਰ ਮੂਹਰੇ ਆਇਆ ਮਾਏਂ ਨੀ।
ਮੈਂ ਲੱਭਦਾ ਫਿਰਦਾ ਤੇਰੀਆਂ ਗੁੰਮੀਆਂ ਪੈੜਾਂ ਨੂੰ,
ਤੇਰਾ ਥਹੁ ਪਤਾ ਨਾ ਕਿੱਧਰੇ ਮਿਲਿਆ ਮਾਏਂ ਨੀ।
ਗੋਦੀ ਵਿੱਚ ਲੋਰੀ ਦੇ ਸੁਆਉਂਦੀ ਸੈਂ,
ਹੁਣ ਉਣੀਂਦੇ ਚੇਤਾ ਆਇਆ ਤੇਰਾ ਮਾਏਂ ਨੀ।
ਤਰਸ ਗਿਆ ਮਨ ਤੇਰੀਆਂ ਠੰਢੀਆਂ ਛਾਵਾਂ ਨੂੰ,
ਤਪਤੀ ਧੁੱਪ ਨੇ ਬਹੁਤ ਸਤਾਇਆ ਮਾਏਂ ਨੀ।
ਤੇਰਾ 'ਤਾਰਾ' ਬਹੁਤ ਉਦਾਸਿਆ ਫਿਰਦਾ ਹੈ,
ਪਿਆਰ ਤੇਰਾ ਨਾ ਪਾਇਆ ਕਿੱਧਰੋਂ ਮਾਏਂ ਨੀ।
ਉਦਾਸ ਹੋ ਬਾਪੂ ਜਦ ਇਕੱਲਾ ਬਹਿੰਦਾ ਹੈ,
ਤੇਰੀ ਅਣਹੋਂਦ ਨੇ ਬਹੁਤ ਸਤਾਇਆ ਮਾਏਂ ਨੀ।
ਇੱਕ ਲਾਟ ਮਨ ਵਿੱਚ ਜਗਦੀ ਰਹਿੰਦੀ ਹੈ,
ਮੈਂ ਭਾਵੇਂ ਲੱਖ ਵਾਰ ਬੁਝਾਇਆ ਮਾਏਂ ਨੀ।
ਯਾਦ ਤੇਰੀ 'ਚੇੜੇ' ਦੇ ਮਨ ਨੂੰ ਬਹੁਤ ਸਤਾਉਂਦੀ ਹੈ,
ਮੈਂ ਭਾਵੇਂ ਲੱਖ ਵਾਰ ਭੁਲਾਇਆ ਮਾਏਂ ਨੀ।



# ਹੱਡ ਬੀਤੀ -ਜ਼ਿੰਮੇਵਾਰ ਕੌਣ

ਮਨਜੀਤ ਸਿੰਘ ਤੰਬੜ
ਪਿੰਡ ਪੰਜੋੜ (ਜ਼ਿਲ੍ਹਾ ਹੁਸ਼ਿਆਰਪੁਰ)

ਸਿਆਣਿਆਂ ਨੂੰ ਕਹਿੰਦੇ ਸੁਣਿਆਂ ਸੀ, 'ਜਾਂ ਰਾਹ ਪਿਆ ਜਾਣੀਏਂ ਜਾਂ ਵਾਹ ਪਿਆ ਜਾਣੀਏਂ'। ਇਸ ਦੀ ਸਚਾਈ ਦਾ ਅਹਿਸਾਸ ਉਦੋਂ ਹੋਇਆ, ਜਦੋਂ ਮੈਂ ਡੇਢ ਕੁ ਖੇਤ ਜ਼ਮੀਨ ਖਰੀਦਣ ਦਾ ਪੰਗਾ ਲੈ ਬੈਠਾ। ਜ਼ਮੀਨ ਵੇਚਣ ਵਾਲਾ ਇੱਕ, ਪਰ ਖਰੀਦਣ ਵਾਲੀਆਂ ਦੋ ਪਾਰਟੀਆਂ ਸਨ। ਪਿੰਡ ਦੇ ਇੱਕ ਪਾਸੇ ਦੀ ਸਾਰੀ ਜ਼ਮੀਨ ਇੱਕ ਪਾਰਟੀ ਨੇ ਖਰੀਦ ਲਈ ਤੇ ਦੂਸਰੇ ਪਾਸੇ ਦੀ ਅਸੀਂ ਦੋਨਾਂ ਭਰਾਵਾਂ ਨੇ । ਰਜਿਸਟਰੀ ਕਰਾਉਣ ਵੇਲੇ ਖਰੀਦੀ ਜ਼ਮੀਨ ਦਾ ਇੱਕ ਨੰਬਰ ਗਲਤੀ ਨਾਲ ਦੋਵੇਂ ਪਾਰਟੀਆਂ ਦੇ ਕਾਗਜ਼ਾਂ ਵਿੱਚ ਚੜ੍ਹ ਗਿਆ। ਇਹ ਗਲਤੀ ਹੀ ਬੱਸ ਪੁਆੜੇ ਦੀ ਜੜ੍ਹ ਬਣ ਗਈ।

ਇਹ ਗੱਲ ਅੱਠ ਸਾਲ ਪਹਿਲਾਂ ਦੀ ਹੈ। ਰਜਿਸਟਰੀ ਤੋਂ ਅਗਲੇ ਦਿਨ ਜ਼ਮੀਨ ਵੇਚਣ ਵਾਲੇ ਭਰਾਵਾਂ 'ਚੋਂ ਇੱਕ ਨੇ ਵਿਦੇਸ਼ ਚਲੇ ਜਾਣਾ ਸੀ। ਇਸ ਕਰ ਕੇ ਦੋਨਾਂ ਪਾਰਟੀਆਂ ਨੂੰ ਉਸ ਦਿਨ ਹੀ ਰਜਿਸਟਰੀ ਕਰਵਾਉਣ ਦੀ ਕਾਹਲ ਸੀ। ਹਫ਼ਤੇ ਵਿੱਚ ਤਿੰਨ ਦਿਨ ਰਜਿਸਟਰੀਆਂ ਹੁੰਦੀਆਂ ਸਨ। ਇਹ ਗੱਲ ਆਮ ਮੰਨੀ ਜਾਂਦੀ ਹੈ ਕਿ ਤਹਿਸੀਲਦਾਰ ਸਾਹਿਬ ਆਪਣੇ ਦਫ਼ਤਰ ਅਕਸਰ ਲੇਟ ਹੀ ਪਹੁੰਚਦੇ ਹੁੰਦੇ ਹਨ। ਇਸ ਦਾ ਕਾਰਨ ਉੱਪਰਲੇ ਅਧਿਕਾਰੀ ਨਾਲ ਕੋਈ ਮੀਟਿੰਗ ਜਾਂ ਕੋਈ ਹੋਰ ਜ਼ਰੂਰੀ ਕੰਮ ਦੱਸਿਆ ਜਾਂਦਾ ਹੈ। ਇਸ ਪਿੱਛੇ ਸਚਾਈ ਕਿੰਨੀ ਕੁ ਹੈ, ਉਸ ਦਿਨ ਤਹਿਸੀਲ ਵਿੱਚ ਜਾ ਕੇ ਮੈਨੂੰ ਸਮਝ ਆ ਗਈ। ਉਸ ਦਿਨ ਵੀ ਸ਼ਾਮ ਦੇ ਪੌਣੇ ਕੁ ਪੰਜ ਵਜੇ ਤਹਿਸੀਲਦਾਰ ਸਾਹਿਬ ਤਹਿਸੀਲੇ ਪਹੁੰਚੇ। ਦਫ਼ਤਰ ਦੇ ਨਾਲ ਵਾਲਾ ਕਮਰਾ ਕਿਸੇ ਸਟੋਰ 'ਚ ਲੱਗੀ ਸੇਲ ਵਾਂਗ ਲੋਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਤਹਿਸੀਲਦਾਰ ਸਾਹਿਬ ਦੇ ਆਉਣ ਨਾਲ ਰਜਿਸਟਰੀਆਂ ਵਾਲਿਆਂ ਦੀ ਉੱਥੇ ਹੋਰ ਵੀ ਹਫ਼ੜਾ-ਦਫ਼ੜੀ ਮਚ ਗਈ। ਕਈ ਜਾਣਕਾਰਾਂ ਨੇ ਪਹਿਲਾਂ ਹੀ ਅੰਦਰ ਖਾਤੇ ਆਪਣੇ ਏਜੰਟਾਂ ਨਾਲ ਲੈਣ ਦੇਣ ਕਰਕੇ ਰਜਿਸਟਰੀਆਂ ਕਰਵਾਉਣ ਲਈ ਆਪਣੇ ਨੰਬਰ ਲਗਵਾ ਲਏ। ਅਸੀਂ ਵੀ ਏਧਰ ਉੱਧਰ ਪਹੁੰਚ ਕਰਕੇ ਜ਼ਮੀਨ ਦੀ ਰਜਿਸਟਰੀ ਵਾਲੇ ਕਾਗਜ਼ ਤਹਿਸੀਲ਼ਦਾਰ ਸਾਹਿਬ ਦੇ ਟੇਬਲ ਤੱਕ ਪਹੁੰਚਾ ਦਿੱਤੇ। ਇਹ ਗਨੀਮਤ ਹੀ ਸਮਝੋ ਕਿ ਸਾਡੇ ਬਰਾਬਰ ਦੀ ਦੂਜੀ ਪਾਰਟੀ ਦੇ ਕਾਗਜ਼ਾਂ ਵਿੱਚ ਕੁੱਝ ਕਮੀ ਹੋਣ ਕਰਕੇ ਸਾਡੀ ਰਜਿਸਟਰੀ ਪਹਿਲਾਂ ਹੋ ਗਈ। ਦੂਜੀ ਰਜਿਸਟਰੀ ਸਾਡੇ ਤੋਂ ਵੀਹ ਕੁ ਮਿੰਟ ਬਾਦ ਹੋਈ। ਇਹ ਗੱਲ ਹੀ ਸਾਡੇ ਲਈ ਅੱਗੇ ਜਾ ਕੇ ਵਰਦਾਨ ਬਣੀ।

ਦੂਜੇ ਖਰੀਦਦਾਰ ਦੀ ਕੋਈ ਲੋੜ ਜਾਂ ਚੁਸਤੀ ਸਮਝੋ। ਉਸ ਨੇ ਦੂਜੇ ਦਿਨ ਹੀ ਮਾਲ ਪਟਵਾਰੀ ਨੂੰ ਉਸ ਦੀ ਬਣਦੀ ਫੀਸ, ਹਜ਼ਾਰ ਰੁਪਏ ਦੇ ਕੇ ਸਰਕਾਰੀ ਕਾਗਜ਼ਾਂ ਵਿੱਚ ਆਪਣੀ ਜ਼ਮੀਨ ਦਾ ਇੰਤਕਾਲ ਚੜ੍ਹਵਾ ਲਿਆ। ਇਸ ਵਿੱਚ ਸਾਡੀ ਜ਼ਮੀਨ ਦੇ ਨੰਬਰਾਂ ਵਾਲੀ ਇੱਕ ਕਨਾਲ ਅਤੇ ਅੱਠ ਮਰਲੇ ਜ਼ਮੀਨ ਵੀ ਸ਼ਾਮਲ ਸੀ। ਅਸੀ ਇਹ ਸੋਚ ਕੇ ਚੁੱਪ ਚਾਪ ਬੈਠੇ ਰਹੇ ਕਿ ਸਰਕਾਰੀ ਨਿਯਮਾਂ ਅਨੁਸਾਰ ਇੰਤਕਾਲ ਦੀ ਸਰਕਾਰੀ ਫ਼ੀਸ ਭਰਨ ਤੋਂ ਬਾਅਦ ਰਿਕਾਰਡ ਵਿੱਚ ਸੋਧ ਕਰਨੀ ਮਾਲ ਵਿਭਾਗ ਦੀ ਜ਼ਿੰਮੇਵਾਰੀ ਹੁੰਦੀ ਹੈ, ਖਰੀਦਦਾਰ ਨੇ ਇਸ ਵਿੱਚ ਕੁੱਝ ਨਹੀਂ ਕਰਨਾ ਹੁੰਦਾ। ਨਾਲੇ ਹੁਣ ਤਾਂ ਸਖ਼ਤਾਈ ਹੀ ਬਹੁਤ ਹੈ। ਸਾਰੇ ਸਰਕਾਰੀ ਕੰਮ ਨਿਯਮਾਂ ਅਨੁਸਾਰ ਹੁੰਦੇ ਹਨ। ਇਹ ਸਾਡੇ ਅਸੂਲ ਸਮਝੋ ਜਾਂ ਮੂਰਖਤਾ ਕਿ ਇਸ ਸਚਾਈ ਨੂੰ ਸਮਝ ਨਾ ਸਕੇ ਕਿ ਦਫਤਰਾਂ ਵਿੱਚ ਕਿਸੇ ਫਾਇਲ ਨੂੰ ਉਪਰਲੇ ਟੇਬਲ ਤੱਕ ਪਹੁੰਚਾਉਣ ਲਈ ਕੁੱਝ ਹੋਰ ਵੀ ਕਰਨਾ ਪੈਂਦਾ ਹੈ। ਜੇ ਅਸੀਂ ਵੀ ਪਟਵਾਰੀ ਦੀ ਜੇਬ੍ਹ ਵਿਚ ਕੁੱਝ ਉਸੇ ਵੇਲੇ ਪਾ ਦੇਂਦੇ ਤਾਂ ਸ਼ਾਇਦ ਆਹ ਅੱਗੇ ਵਾਲੇ ਝੰਝਟ ਵਿਚ ਨਾ ਫਸਦੇ। ਪਰਿਵਾਰਕ ਅਸੂਲ ਸਾਡੇ 'ਤੇ ਹਾਵੀ ਸਨ। ਸੋਚਦੇ ਸਾਂ ਕਿ ਪੜ੍ਹੇ ਲਿਖੇ ਹੋ ਕੇ ਅਸੀਂ ਗਲਤ ਕੰਮ ਕਿਉਂ ਕਰੀਏ।

ਜਦੋਂ ਮੈਂ ਆਪਣੀ ਜ਼ਮੀਨ ਦੀ ਫ਼ਰਦ ਲੈਣ ਤਹਿਸੀਲ ਗਿਆ ਤਾਂ ਪਟਵਾਰੀ ਨੇ ਦੱਸਿਆ ਕਿ ਤੁਹਾਡੀ ਜ਼ਮੀਨ ਇਕ ਕਨਾਲ ਤੇ ਅੱਠ ਮਰਲੇ ਘੱਟ ਹੈ। ਮੈਂ ਆਪਣੀਆਂ ਦਲੀਲਾਂ ਨਾਲ ਪਟਵਾਰੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਇਹ ਵੀ ਦੱਸਿਆ ਕਿ ਇਹ ਇੰਤਕਾਲ ਤੁਹਾਡੇ ਤੌਂ ਗਲਤ ਚੜ੍ਹ ਗਿਆ ਹੈ। ਸਾਡੀ ਰਜਿਸਟਰੀ ਪਹਿਲਾਂ ਹੋ ਗਈ ਸੀ ਇਸ ਲਈ ਇਹ ਇੱਕ ਕਨਾਲ ਅੱਠ ਮਰਲੇ ਸਾਡੇ ਹਨ। ਇਸ ਲਈ ਇੰਤਕਾਲ ਨੂੰ ਠੀਕ ਕਰਕੇ ਸਾਡੀ ਜ਼ਮੀਨ ਪੂਰੀ ਕਰ ਦੇਵੋ। ਦੋ ਦਿਨ ਤਾਂ ਪਟਵਾਰੀ ਮੇਰੀਆਂ ਗੱਲਾਂ ਬੜੀ ਤਵੱਜੋ ਦੇ ਕੇ ਸੁਣਦਾ ਰਿਹਾ। ਤਸੱਲੀ ਵੀ ਦਿੱਤੀ "ਕੋਈ ਗਲ ਨਹੀਂ ਸਰਦਾਰ ਜੀ, ਕਿਸੇ ਵੇਹਲੇ ਸਮੇਂ ਆਇਓ। ਕੱਢਦੇਆਂ ਤੁਹਾਡੀ ਸਮੱਸਿਆ ਦਾ ਹੱਲ ਵੀ"। ਤੀਜੀ ਵਾਰੀ ਫਿਰ ਜਦੋਂ ਮੈਂ ਆਪਣੀ ਜੇਬ ਦਾ ਬਟਣ ਨਾ ਖੋਲ੍ਹਿਆ ਤਾਂ ਉਹ ਤਲਖ ਜੇਹਾ ਹੋ ਕੇ ਬੋਲਿਆ, "ਬਜ਼ੁਰਗਾ ਇਵੇਂ ਕੰਮ ਨੀ ਹੁੰਦੇ, ਜਿਵੇਂ ਤੂੰ ਚਾਹੁੰਦਾਂ। ਰੋਜ਼ ਆ ਜਾਦਾਂ, ਮੇਰਾ ਸਿਰ ਖਾਣ ਨੂੰ। ਵਿਹਲਾ ਹੋਣਾ ਘਰੋਂ? ਲੈ ਫੜ ਆਪਣੇ ਕਾਗਜ਼। ਇਹ ਇੰਤਕਾਲ ਸਰਕਾਰੀ ਕਾਗਜ਼ਾਂ ਵਿੱਚ ਦਰਜ ਹੋ ਚੁੱਕਾ ਹੈ। ਹੁਣ ਮੇਰੇ ਹੱਥ ਨਹੀਂ ਰਿਹਾ। ਕੋਰਟ ਦੇ ਆਰਡਰ ਤੋਂ ਬਿਨਾ ਮੈਂ ਇੰਤਕਾਲ ਰੱਦ ਨਹੀਂ ਕਰ ਸਕਦਾ"।

"ਫਿਰ ਕੀ ਐ ਕੋਰਟ ਦੇ ਆਰਡਰ ਲੈ ਲੈਂਦੇ ਆਂ। ਜਦੋਂ ਸਾਡਾ ਸਾਰਾ ਰਿਕਾਰਡ ਠੀਕ ਹੈ ਤਾਂ ਜੱਜ ਸਾਹਿਬ ਨੂੰ ਫ਼ੈਸਲਾ ਕਰਨ ਵਿੱਚ ਕੀ ਸਮਾਂ ਲੱਗਣਾ। ਇਹ ਤਾਂ ਦਫ਼ਤਰੀ ਗਲਤੀ ਆ।", ਮੈਂ ਪਟਵਾਰੀ ਨੂੰ ਬੜੇ ਰੋਹਬ ਨਾਲ ਇਵੇਂ ਕਿਹਾ, ਜਿਵੇਂ ਆਖ ਰਿਹਾਂ ਹੋਵਾਂ, "ਤੂੰ ਹੈਥੇ ਈ ਬੈਠਾ ਰਹੀਂ, ਮੈ ਮੁੜਦੇ ਪੈਰੀਂ ਆਇਆ"।

ਅਗਲੇ ਦਿਨ ਕੋਰਟ ਜਾ ਕੇ ਸੱਤ ਹਜ਼ਾਰ ਨਾਲ ਵਕੀ਼ਲ ਕੀਤਾ। ਦੋ ਕੁ ਹਜ਼ਾਰ ਦੇ ਕਾਗਜ਼ ਲਾਏ। ਲੰਬੜਦਾਰ ਤੇ ਗਵਾਹਾਂ ਦੀਆਂ ਮਿਨਤਾਂ ਤਰਲੇ ਕਰਕੇ ਕੇਸ ਹੇਠਲੀ ਅਦਾਲਤ

ਵਿੱਚ ਦਾਇਰ ਕਰ ਦਿੱਤਾ। ਵਕੀਲ਼ ਨੇ ਮੇਰੇ ਕਾਗਜ ਪੜ੍ਹ ਕੇ ਝੱਟ ਆਖ ਦਿੱਤਾ, "ਕੋਈ ਗੱਲ ਈ ਨੀ। ਕੇਸ ਤੁਹਾਡੇ ਹੱਕ ਦਾ ਹੈ। ਸਰਕਾਰੀ ਗਲਤੀ ਹੈ। ਦੋ ਤਿੰਨ ਤਰੀਕਾਂ ਵਿੱਚ ਫ਼ੈਸਲਾ ਹੋ ਜਾਣਾ ਹੈ"।

ਦੋ ਸਾਲ ਵਿੱਚ ਸੱਤ ਤਰੀਕਾਂ ਪਈਆਂ। ਵੇਚਣ ਵਾਲੇ ਨੇ ਆਪਣੇ ਬਿਆਨਾਂ ਵਿੱਚ ਗਲਤੀ ਮੰਨੀ, ਲੰਬੜਦਾਰ ਨੇ ਵੀ ਬਿਆਨਾ ਵਿੱਚ ਦੂਸਰੀ ਧਿਰ ਦੇ ਇੰਤਕਾਲ ਨੂੰ ਗਲਤ ਕਿਹਾ। ਸੱਭ ਤੋਂ ਵੱਡੀ ਗੱਲ, ਵਿਰੋਧੀ ਪਾਰਟੀ ਨੇ ਆਪਣਾ ਪੱਖ ਪੇਸ਼ ਕਰਨ ਲਈ ਕੋਈ ਵਕੀਲ ਵੀ ਨਹੀਂ ਕੀਤਾ ਅਤੇ ਕੇਸ ਦੀ ਕੋਈ ਉਜਰ ਨਾ ਕੀਤੀ। ਰਜਿਸਟਰੀ ਵਾਲਾ ਸਰਕਾਰੀ ਰਿਕਾਰਡ ਵੀ ਪੇਸ਼ ਕਰ ਦਿੱਤਾ ਗਿਆ। ਤਿੰਨ ਤਰੀਖਾਂ ਤੋਂ ਬਾਦ ਕੇਸ ਐਕਸ ਪਾਰਟੀ ਬਣਾ ਦਿੱਤਾ ਗਿਆ। ਫਿਰ ਕਾਹਦੀ ਚਿੰਤਾ ਸੀ, ਕੇਸ ਦੇ ਸਾਰੇ ਪੱਖ ਸਾਡੇ ਹੱਕ 'ਚ ਸਨ। ਝਗੜੇ ਵਾਲੀ ਜ਼ਮੀਨ ਸਾਡੇ ਕਬਜ਼ੇ ਵਿੱਚ ਸੀ। ਸਾਨੂੰ ਕੇਸ ਦੇ ਫ਼ੈਸਲੇ ਬਾਰੇ ਕੋਈ ਦੁਚਿੱਤੀ ਨਹੀਂ ਸੀ। ਪਰ ਹੈਰਾਨਗੀ ਉਦੋਂ ਹੋਈ, ਜਦੋ ਹੇਠਲੀ ਅਦਾਲਤ ਨੇ ਦੋ ਸਾਲਾਂ ਪਿੱਛੋਂ ਇਹ ਆਖ ਕੇ ਸਾਡਾ ਕੇਸ ਰੱਦ ਕਰ ਦਿੱਤਾ ਕਿ ਜ਼ਮੀਨ ਦੇ ਇਸ ਨੰਬਰ ਉੱਤੇ ਦੂਸਰੀ ਧਿਰ ਨੇ ਬੈਂਕ ਤੋਂ ਕਰਜ਼ਾ ਲੈ ਲਿਆ ਹੈ। ਅਦਾਲਤ ਇਸ ਇੰਤਕਾਲ ਨੂੰ ਕੈਂਸਲ ਨਹੀ ਕਰ ਸਕਦੀ। ਸਾਨੂੰ ਅਤੇ ਸਾਡੇ ਵਕੀਲ ਨੂੰ ਹੈਰਾਨੀ ਹੋਈ ਕਿ ਇਹ ਕਿਹੋ ਜਿਹਾ ਫੈਸਲਾ ਹੈ ਕਿ ਜਦੋਂ ਵਿਰੋਧੀ ਧਿਰ ਮੰਨਦੀ ਹੈ ਕਿ ਗਲਤੀ ਹੋਈ ਹੈ ਤਾਂ ਇਸ ਦੀ ਸੋਧ ਕਰਨ ਵਿੱਚ ਕੀ ਅੜਚਣ ਹੈ? ਕਰਜ਼ਾ ਲੈਣਾ ਜਾਂ ਵਾਪਸ ਕਰਨਾ ਉਨ੍ਹਾਂ ਦੀ ਸਿਰਦਰਦੀ ਹੈ। ਸੋਧ ਕਰਵਾਉਣ ਲਈ ਹੀ ਤਾਂ ਅਸੀਂ ਕੋਰਟ ਵਿੱਚ ਆਏ ਹਾਂ।

ਹੁਣ ਕੀ ਕਰੀਏ? ਕਰਨਾ ਕੀ ਆ, ਚਲੋ ਉੱਪਰਲੀ ਅਦਾਲਤ 'ਚ। ਇਨਸਾਫ਼ ਲੈਣ ਲਈ ਪੰਦਰਾਂ ਸੋਲਾਂ ਹਜ਼ਾਰ ਉੱਥੇ ਖਰਚ ਕੇ ਸੈਸ਼ਨ ਜੱਜ ਦੇ ਅਪੀਲ ਕਰਨੀ ਪਈ। ਵਕੀਲ ਨੇ ਨਿਚਲੀ ਅਦਾਲਤ ਦੇ ਫੈਸਲੇ ਨੂੰ ਪੜ੍ਹ ਕੇ ਹੈਰਾਨੀ ਜਾਹਿਰ ਕੀਤੀ ਕਿ ਸਾਰੇ ਤੱਥ ਤਾਂ ਤੁਹਾਡੇ ਹੱਕ ਵਿੱਚ ਹਨ ਤਾਂ ਫੈਸਲਾ ਤੁਹਾਡੇ ਵਿਰੁੱਧ ਕਿਵੇਂ ਕਰ ਦਿੱਤਾ। ਅਗਲੇ ਚਾਰ ਸਾਲਾਂ ਵਿੱਚ ਕੇਸ ਲੜ ਰਹੇ ਸਾਡੇ ਵਕੀਲ ਦੀ ਮੌਤ ਹੋ ਗਈ। ਕੇਸ ਫਿਰ ਵਿੱਚੇ ਲਟਕ ਗਿਆ। ਇੱਕ ਹੋਰ ਵਕੀਲ ਨੂੰ ਫੀਸ ਦਿੱਤੀ। ਖੱਜਲ ਖੁਆਰੀ ਵਾਧੂ ਦੀ ਹੋਈ। ਦੋ ਸਾਲ ਹੋਰ ਲੱਗੇ। ਸੱਤ ਸਾਲਾਂ ਬਾਦ ਕੋਰਟ ਦੇ ਪੰਦਰਾਂ ਵੀਹ ਗੇੜੇ ਲਾਉਣ 'ਤੇ ਜ਼ਮੀਨ ਦਾ ਇੰਤਕਾਲ ਕੈਂਸਲ ਕਰਨ ਦਾ ਆਰਡਰ ਹੋਇਆ।

ਮੈਂ ਅਦਾਲਤ ਤੋਂ ਬਾਹਰ ਨਿਕਲ ਕੇ ਇਸ ਨੂੰ ਸੱਤ ਵਾਰ ਮੱਥਾ ਟੇਕਿਆ। ਇੱਕ ਸਵਾਲ ਮੇਰੇ ਧੁਰ ਅੰਦਰ ਘਸਮਾਣ ਮਚਾ ਰਿਹਾ ਸੀ ਕਿ ਸੱਤ ਸਾਲਾਂ ਵਿੱਚ ਬੁੱਧੀਮਾਨ ਜੱਜਾਂ ਨੇ ਕਿਹੜੀ ਕਾਨੂੰਨੀ ਸਿਆਣਪ ਵਰਤੀ। ਕੇਸ ਵਿੱਚ ਇਹੋ ਜਿਹੀ ਕਿਹੜੀ ਅੜਚਣ ਸੀ ਜਿਸ ਨੂੰ ਖੋਲ੍ਹਣ ਲਈ ਇਨਾ ਸਮਾਂ ਲੱਗਾ। ਕੇਸ ਤਾਂ ਸਪਸ਼ਟ ਹੀ ਸੀ। ਇੱਕ ਅਨਾੜੀ ਬੰਦਾ ਵੀ ਖੜ੍ਹਾ ਖੜ੍ਹਾ ਹੀ ਇਹ ਫੈਸਲਾ ਦੇ ਦਿੰਦਾ ਕਿ ਗਲਤੀ ਹੋ ਗਈ ਹੈ ਤਾਂ ਇਸ ਨੂੰ ਠੀਕ ਕਰ ਦਿੱਤਾ ਜਾਵੇ। ਫਿਰ ਕੀ ਅਦਾਲਤਾਂ ਇਨਸਾਫ਼ ਨੂੰ ਲਟਕਾਉਣ ਲਈ ਹੀ ਬਣੀਆਂ ਹਨ? ਪਰ ਫਿਰ ਸੋਚਿਆ, "ਚਲੋ! ਸੁਰਜੀਤ ਪਾਤਰ ਦੇ ਸ਼ੇਅਰ 'ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ, ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ' ਤੋਂ ਤਾਂ ਬਚਾਅ ਹੋ ਗਿਆ। ਘੱਟੋ ਘੱਟ ਸਾਡੇ ਜਿਉਂਦੇ ਜੀਅ ਤਾਂ ਫੈਸਲਾ ਹੋ ਗਿਆ। ਇਸ ਗੱਲ ਦੀ ਸੰਤੁਸ਼ਟੀ ਸੀ। ਸਾਡੇ ਪਿੱਛੋਂ ਕਿਸ ਨੇ ਕੇਸ ਲੜਨਾ ਸੀ।

ਕੋਰਟ ਦੇ ਆਰਡਰ ਤਾਂ ਹੋ ਗਏ ਪਰ ਇੰਤਕਾਲ ਤਾਂ ਫਿਰ ਪਟਵਾਰੀ ਨੇ ਹੀ ਕੈਂਸਲ ਕਰਕੇ ਠੀਕ ਕਰਨਾ ਸੀ। ਕਹਾਣੀ ਤਾਂ ਜਿੱਥੋਂ ਸ਼ੁਰੂ ਹੋਈ ਸੀ ਘੁੰਮ-ਘੁੰਮਾ ਕੇ ਫਿਰ ਉੱਥੇ ਆ ਗਈ। ਪਟਵਾਰੀ ਦੀ ਬੋਲਚਾਲ ਅਤੇ ਰਵੱਈਆ ਤਾਂ ਓਹੀ ਸੀ। ਮੈਨੂੰ ਜ਼ਰੂਰ ਅਦਾਲਤਾਂ ਦੀ ਖੱਜਲ ਖੁਆਰੀ, ਸਮੇਂ ਅਤੇ ਪੈਸੇ ਦੀ ਬਰਬਾਦੀ ਨੇ ਅਕਲ ਦੇ ਦਿੱਤੀ ਸੀ। ਪਟਵਾਰੀ ਕੋਈ ਹੋਰ ਨਾ ਨਵਾਂ ਪੰਗਾ ਪਾ ਦੇਵੇ। ਮੈਂ ਚੁੱਪ ਚਾਪ ਗਾਂਧੀ ਵਾਲੇ ਚਾਰ ਪੰਜ ਨੋਟ ਕਾਗਜ਼ਾਂ ਵਿੱਚ ਰੱਖ ਕੇ ਪਟਵਾਰੀ ਨੂੰ ਫੜਾ ਦਿੱਤੇ। ਪਟਵਾਰੀ ਨੇ ਇੱਕ ਵਾਰੀ ਕਾਗਜ਼ ਦੇਖੇ। ਫਿਰ ਮੇਰੇ ਵੱਲ ਦੇਖ ਕੇ ਮੀਸਣਾ ਜਿਹਾ ਮੁਸਕ੍ਰਾਇਆ, "ਬਾਪੂ ਕੱਲ੍ਹ ਨੂੰ ਆ ਕੇ ਆਪਣੀ ਫ਼ਰਦ ਕਢਵਾ ਲਈਂ"।

ਮੈਂ ਇਹ ਸੋਚਦਾ ਹੋਇਆ ਪਟਵਾਰੀ ਦੇ ਦਫਤਰ ਤੋਂ ਹੇਠਾਂ ਉੱਤਰ ਆਇਆ ਕਿ ਇਸ ਖੱਜਲ ਖੁਆਰੀ ਲਈ ਜ਼ਿੰਮੇਵਾਰ ਕੌਣ ਹੈ? 'ਸਰਕਾਰੀ ਭ੍ਰਿਸ਼ਟਾਚਾਰ, ਕਚਹਿਰੀਆਂ ਜਾਂ ਸਾਡੀ

❋ ❋ ❋ ❋ ❋



ਕਵਿਤਾ

## ਸਿਆਸਤ

ਸਤਨਾਮ ਸਿੰਘ ਮਾਣਕ,
ਲਸਾੜਾ

ਧਨ ਦੌਲਤ ਦਾ ਅੰਬਾਰ ਸਿਆਸਤ ਹੋ ਗਈ ਏ।
ਬਦੀਆਂ ਦਾ ਭੰਡਾਰ, ਸਿਆਸਤ ਹੋ ਗਈ ਏ।
ਕਿਰਤੀ ਕਾਮਿਆਂ ਦੀ ਕੋਈ ਪੁੱਛ-ਪ੍ਰਤੀਤ ਨਹੀਂ।
ਡਾਢਿਆਂ ਦਾ ਅਧਿਕਾਰ, ਸਿਆਸਤ ਹੋ ਗਈ ਏ।
ਡਰਦੀ ਮਾਰੀ ਸ਼ਰਾਫ਼ਤ ਅੰਦਰ ਵੜ ਗਈ ਏ।
ਗੁੰਡਿਆਂ ਦੀ ਭਰਮਾਰ, ਸਿਆਸਤ ਹੋ ਗਈ ਏ।
ਆਪਣੇ ਧੀਆਂ ਪੁੱਤ ਲੁਕਾਉਂਦੇ ਲੋਕੀਂ ਫਿਰਦੇ ਨੇ।
ਨਸ਼ਿਆਂ ਦਾ ਵਪਾਰ, ਸਿਆਸਤ ਹੋ ਗਈ ਏ।
ਮੁਫ਼ਤਖੋਰੀਆਂ, ਲੁੱਟ-ਖਸੁੱਟ ਖ਼ਜ਼ਾਨਾ ਖਾਲੀ ਏ।
ਸਿਰ ਬੈਂਕਾਂ ਦਾ ਉਧਾਰ, ਸਿਆਸਤ ਹੋ ਗਈ ਏ।
ਸਾਡੇ ਪਾੜ੍ਹੇ ਭੱਜੇ ਪਰਦੇਸ, ਘਰੀਂ ਉਦਾਸੀ ਏ।
ਬੁਢਾਪਾ ਹੋਇਆ ਖ਼ੁਆਰ, ਸਿਆਸਤ ਹੋ ਗਈ ਏ।
ਲਾਠੀਚਾਰਜ, ਧੱਕੇ-ਮੁੱਕੇ ਤੇ ਗ੍ਰਿਫ਼ਤਾਰੀਆਂ।
ਹਾਕਮਾਂ ਦਾ ਹੰਕਾਰ, ਸਿਆਸਤ ਹੋ ਗਈ ਏ।
ਲਿਖਣ,ਪੜ੍ਹਨ,ਬੋਲਣ 'ਤੇ ਵੀ ਹੁਣ ਪਹਿਰਾ ਏ।
ਕਿੰਨੀ ਲੋਹੜੇ ਦੀ ਖੁੰਖਾਰ, ਗਈ ਏ।

ਯਾਤਰਾ

## ਜਿਨ੍ਹਾਂ ਗੁਰਧਾਮਾਂ ਤੋਂ ਸਾਨੂੰ ਵਿਛੋੜਿਆ ਗਿਆ

ਅੰਕ 57 ਦੇ ਸਫ਼ਾ 11 ਤੋਂ ਅੱਗੇ.....

ਰਾਜਿੰਦਰ ਸਿੰਘ ਨੰਨੂਆ
ਸੈਣੀ ਭਵਨ ਰੂਪਨਗਰ



ਦੇਰ ਰਾਤ ਸਾਡੀਆਂ ਬੱਸਾਂ ਦਾ ਕਾਫ਼ਲਾ ਬਾਬਾ ਨਾਨਕ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਪਹੁੰਚਿਆ। ਸਖਤ ਚੈਕਿੰਗ ਉਪਰੰਤ ਸੁਰੱਖਿਆ ਪ੍ਰਬੰਧਾਂ ਹੇਠ ਸਾਨੂੰ ਰਹਿਣ ਲਈ ਰਾਏ ਬੁਲਾਰ ਜੀ ਦੇ ਨਾਮ ਤੇ ਉਸਾਰੇ ਗਏ ਨਵੇਂ ਯਾਤਰੀ ਨਿਵਾਸ ਵਿਚ ਇਕ ਵੱਡਾ ਹਾਲ ਕਮਰਾ ਮਿਲ ਗਿਆ। ਨਿਰੰਕਾਰੀ ਨੂਰ ਅਤੇ ਦੁਨੀਆ ਦੇ ਤਾਰਨਹਾਰ, ਬਾਬਾ ਨਾਨਕ ਦੇ ਜਨਮ ਅਸਥਾਨ ਦੇ ਦਰਸ਼ਨ ਕਰਕੇ ਤਨ-ਮਨ ਵਿਸਮਾਦੀ ਆਨੰਦ ਨੂੰ ਮਾਣ ਰਿਹਾ ਸੀ। ਅਸੀ ਸਾਰੀ ਸੰਗਤ ਰਾਤ ਨੂੰ ਹੀ 1.30 ਤੋਂ 2.00 ਵਜੇ ਹੀ ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ਜਨਮ ਅਸਥਾਨ ਦੇ ਦਰਸ਼ਨਾਂ ਨੂੰ ਚਲ ਪਏ ਜਿੱਥੇ ਲੰਬੀਆਂ ਲਾਈਨਾ 'ਚੋਂ ਲੰਘ ਕੇ ਸਾਰੀ ਸੰਗਤ ਨੇ ਬੜੇ ਹੀ ਇਤਮੀਨਾਨ ਨਾਲ ਮੱਥਾ ਟੇਕ ਕੇ ਉੱਥੇ ਹੀ ਨਿਤਨੇਮ ਦਾ ਪਾਠ ਸਰਵਣ ਕੀਤਾ। ਵਿਸਾਖੀ ਮਨਾਉਣ ਲਈ ਜਨਮ ਅਸਥਾਨ ਦੇ ਅੰਦਰ ਹੀ ਕੰਪਲੈਕਸ ਵਿਚ ਬੜੇ ਖੂਬਸੂਰਤ ਖੁਲ੍ਹੇ ਪੰਡਾਲ ਲਗਾਏ ਹੋਏ ਸਨ। ਨਨਕਾਣਾ ਸਾਹਿਬ ਵਿਹੜੇ ਵਿਚ ਹੀ ਜਨਮ ਅਸਥਾਨ ਦੇ ਪਿਛਲੇ ਪਾਸੇ ਜੰਡ ਦਾ ਉਹ ਦਰਖਤ ਵੀ ਖੜ੍ਹਾ ਹੈ ਜਿਸ ਨਾਲ ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਪੁੱਠਾ ਲਟਕਾ ਕੇ ਮਹੰਤ ਨਾਰਾਇਣ ਦਾਸ ਦੇ ਗੁੰਡਿਆਂ ਵਲੋਂ ਜਿੰਦਾ ਸਾੜ ਕੇ ਸ਼ਹੀਦ ਕੀਤਾ ਗਿਆ ਸੀ। ਇਸ ਸਮੇਂ ਸ਼ਹੀਦ ਹੋਣ ਵਾਲੇ ਸਿੱਖਾਂ ਦੇ ਨਾਵਾਂ ਦੀ ਲਿਸਟ ਦਰਸ਼ਨੀ ਡਿਊਢੀ ਦੇ ਦੋਵੇਂ ਪਾਸੇ ਅੰਗਰੇਜ਼ੀ ਅਤੇ ਪੰਜਾਬੀ ਵਿਚ ਸੰਗਮਰਮਰ ਦੀਆਂ ਸਲੈਬਾਂ 'ਤੇ ਲਿਖੀ ਹੋਈ ਹੈ। ਇੱਥੇ ਵੀ ਲੰਗਰ ਦੀ ਸੇਵਾ ਸਿੰਧੀ ਸ਼ਰਧਾਲੂਆਂ ਵਲੋਂ ਕੀਤੀ ਜਾ ਰਹੀ ਸੀ ਅਤੇ ਤਰਨ ਤਾਰਨ ਤੋਂ ਬਾਬਾ ਜਗਤਾਰ ਸਿੰਘ ਜੀ ਕਾਰਸੇਵਾ ਵਾਲਿਆਂ ਵਲੋਂ ਚਾਹ ਨਾਲ ਜਲੇਬੀਆਂ ਅਤੇ ਪਕੌੜਿਆਂ ਦਾ ਅਤੁੱਟ ਲੰਗਰ ਚਲਾਇਆ ਜਾ ਰਿਹਾ ਸੀ।

ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਬਚਪਨ ਦੇ ਚੋਜਾਂ ਨਾਲ ਸਬੰਧਤ ਹੋਰ ਇਤਿਹਾਸਕ ਗੁਰਦੁਆਰਿਆਂ- ਬਾਲ ਲ੍ਹੀਲਾ ਸਾਹਿਬ, ਗੁਰਦੁਆਰਾ ਪੱਟੀ ਲਿੱਖੀ ਸਾਹਿਬ, ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਮਾਲ ਜੀ ਸਾਹਿਬ, ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਗੁਰਦੁਆਰਾ ਕਿਆਰਾ ਸਾਹਿਬ ਦੇ ਦਰਸਨ ਕੀਤੇ। ਖ਼ਾਸ ਗੱਲ ਇਹ ਸੀ ਕਿ ਗੁਰਦੁਆਰਾ ਸਾਹਿਬ ਦੀਆਂ ਪੁਰਾਤਨ ਇਮਾਰਤਾਂ ਨੂੰ ਉਸੀ ਸਰੂਪ ਵਿਚ ਸੰਭਾਲਿਆ ਹੋਇਆ ਸੀ। ਗੁਰਦੁਆਰਾ ਮਾਲ ਜੀ ਸਾਹਿਬ ਵਿਖੇ ਜਿੱਥੇ ਦਰਖਤ ਦੀ ਛਾਂ ਸੂਰਜ ਦੇ ਪਾਸਾ ਬਦਲਣ ਕਾਰਨ ਗੁਰੂ ਨਾਨਕ ਦੇਵ ਜੀ ਨੂੰ ਸੱਪ ਨੇ ਧੁੱਪ ਤੋਂ ਬਚਾਉਣ ਲਈ ਆਪਦੇ ਫਣ ਨਾਲ ਛਾਇਆ ਕੀਤੀ ਸੀ ਉਹ ਦਰਖਤ ਅਜੇ ਵੀ ਹਰਾ ਭਰਾ ਸੰਭਾਲਿਆ ਹੋਇਆ ਹੈ। ਦੂਜਾ ਗੁਰਦੁਆਰਾ ਤੰਬੂ ਸਾਹਿਬ ਜਿੱਥੇ ਗੁਰੂ ਨਾਨਕ ਦੇਵ ਜੀ ਜਦੋਂ 20 ਰੁ: ਦਾ ਸੱਚਾ ਸੌਦਾ ਕਰਕੇ ਘਰ ਜਾਣ ਦੀ ਥਾਂ ਇਕ ਸੰਘਣੇ ਦਰਖਤ ਹੇਠ ਲੁਕ ਕੇ ਬੈਠ ਗਏ ਸਨ ਅਤੇ ਉਨਾਂ ਦੇ ਪਿਤਾ ਮਹਿਤਾ ਕਾਲੂ ਜੀ ਨੇ ਆ ਕੇ ਗੁੱਸੇ ਵਿਚ ਚਪੇੜਾਂ ਮਾਰੀਆਂ ਅਤੇ ਬੀਬੀ ਨਾਨਕੀ ਨੇ ਆਪਣੇ ਪਿਤਾ ਤੋਂ ਆਪਣਾ ਵੀਰ ਛੁਡਾਇਆ ਸੀ, ਉਹ ਦਰਖਤ ਵੀ ਸੰਭਾਲਿਆ ਹੋਇਆ ਹੈ।ਇਨਾਂ ਦਰਖਤਾਂ ਹੇਠ ਬੈਠ ਕੇ ਸਾਨੂੰ ਇਦਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਅਸੀਂ ਆਪਣੇ ਗੁਰੂ ਬਾਬੇ ਨਾਨਕ ਜੀ ਦੀ ਗੋਦ ਦਾ ਨਿੱਘ ਮਾਣਦੇ ਹੋਈਏ।

ਸ੍ਰੀ ਨਨਕਾਣਾ ਸਾਹਿਬ ਹੁਣ ਪੰਜਾਬ ਦਾ ਜ਼ਿਲ੍ਹਾ ਬਣਿਆ ਹੋਇਆ ਹੈ। ਇੱਥੇ ਸੰਗਤ ਨੇ ਬਾਜ਼ਾਰ ਵਿਚ ਕਪੜੇ, ਜੁੱਤੀਆਂ ਆਦਿ ਦੀ ਕਾਫੀ ਖਰੀਦਦਾਰੀ ਵੀ ਕੀਤੀ। ਇਸ ਯਾਤਰਾ ਦੌਰਾਨ ਇੱਥੇ ਪਹਿਲੀ ਵਾਰ ਸੰਗਤ ਆਮ ਲੋਕਾਂ ਦੇ ਰੂਬਰੂ ਹੋਈ। ਆਮ ਜਨਤਾ ਵਿਚ ਵੀ ਸੰਗਤ ਪ੍ਰਤੀ ਇਕ ਵੱਖਰਾ ਹੀ ਸਨੇਹ ਸੀ ਅਤੇ ਉਨ੍ਹਾਂ ਨੇ ਵਿਸਾਖੀ ਵਾਲੇ ਦਿਨ ਸਾਰੀ ਰਾਤ ਸੰਗਤ ਲਈ ਬਾਜ਼ਾਰ ਖੁੱਲ੍ਹੇ ਰੱਖੇ। ਇੱਥੇ ਸਥਾਨਕ ਲੋਕਾਂ ਵਿਚ ਗੁਰੂ ਨਾਨਕ ਦੇਵ ਜੀ ਪ੍ਰਤੀ ਬਹੁਤ ਸ਼ਰਧਾ ਦੇਖਣ ਨੂੰ ਮਿਲੀ। ਇੱਥੇ ਅਸੀਂ ਰਾਏ ਬੁਲਾਰ ਭੱਟੀ ਸਾਹਿਬ ਦੇ ਖਾਨਦਾਨ ਵਿਚੋਂ 18ਵੀਂ ਪੁਸ਼ਤ ਵਿਚ ਰਾਏ ਐਜ਼ਾਜ਼ ਅਹਿਮਦ ਖਾਨ ਭੱਟੀ ਸਾਹਿਬ ਨੂੰ ਉਨ੍ਹਾਂ ਦੀ ਹਵੇਲੀ ਵਿਚ ਮਿਲੇ ਜਿਨ੍ਹਾਂ ਨੇ ਬਹੁਤ ਹੀ ਪਿਆਰ ਅਤੇ ਸਨੇਹ ਨਾਲ ਸੰਗਤ ਦਾ ਸਵਾਗਤ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਨਾਲ ਉਨ੍ਹਾਂ ਦੇ ਬਜੁਰਗ ਰਾਏ ਬੁਲਾਰ ਭੱਟੀ ਜੀ ਦੀਆਂ ਯਾਦਾਂ ਸਾਂਝੀਆਂ ਕੀਤੀਆਂ।

ਅਗਲੇ ਦਿਨ ਸੰਗਤ ਨੂੰ ਬੱਸਾਂ ਰਾਹੀਂ ਗੁਰਦੁਆਰਾ ਸੱਚਾ ਸੌਦਾ, ਚੂਹੜਕਾਣਾ, ਫਾਰੂਕਾਬਾਦ ਲਿਜਾਇਆ ਗਿਆ। ਇਸ ਅਸਥਾਨ ਤੇ ਹੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਪਿਤਾ ਜੀ ਵਲੋਂ ਵਪਾਰ ਕਰਨ ਲਈ ਦਿੱਤੇ ਗਏ 20 ਰੁ: ਨਾਲ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਸਿੱਖ ਕੌਮ ਦੀ ਲੰਗਰ ਦੀ ਮਹਾਨ ਪਰੰਪਰਾ ਦਾ ਆਰੰਭ ਕੀਤਾ ਸੀ। ਇਹ ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਆਲੀਸ਼ਾਨ ਹੈ ਅਤੇ ਨਾਲ ਹੀ ਬਹੁਤ ਵਧੀਆ ਸਰੋਵਰ ਹੈ। ਇੱਥੇ ਸੰਗਤ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਲੰਗਰ ਛੱਕਣ ਉਪਰੰਤ ਸੰਗਤ ਵਾਪਸ ਸ੍ਰੀ ਨਨਕਾਣਾ ਸਾਹਿਬ ਆ ਗਈ।

ਅਗਲੇ ਦਿਨ ਸਾਡਾ ਜਥਾ ਸ੍ਰੀ ਕਰਤਾਰ ਪੁਰ ਸਾਹਿਬ ਜੀ ਦੇ ਦਰਸ਼ਨਾਂ ਲਈ ਵਾਲਵੋ ਬੱਸਾਂ ਰਾਹੀਂ ਰਵਾਨਾ ਹੋਇਆ। ਰਸਤੇ ਵਿਚ ਦੂਰ ਦੂਰ ਤੱਕ ਪੱਕੀ ਹੋਈ ਕਣਕ ਦੇ ਖੇਤ ਅਤੇ ਬਰਸੀਮ ਦੇ ਹਰੇ ਚਾਰੇ ਦੇ ਖੇਤ ਹੀ ਨਜਰ ਆ ਰਹੇ ਸਨ ਪਿੰਡ ਕਾਫੀ ਦੂਰ ਦੂਰ ਤੱਕ ਨਜ਼ਰ ਨਹੀਂ ਸੀ ਆ ਰਹੇ। ਅੱਧੀ ਰਾਤ ਬੀਤੇ

ਬਾਕੀ ਸਫ਼ਾ 23'ਤੇ ..........



ਇੰਜ. ਜਸਵੰਤ ਸਿੰਘ (ਸੈਣੀ)
ਰੂਪਨਗਰ

## ਗੁਰੂ ਤੇਗ ਬਹਾਦਰ - ਹਿੰਦ ਦੀ ਚਾਦਰ

ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਪਹਿਲੀ ਅਪ੍ਰੈਲ, 1621 ਨੂੰ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਦੀ ਮਾਤਾ ਦਾ ਨਾਂ ਨਾਨਕੀ ਜੀ ਸੀ। ਆਪ ਨੌਂ ਸਾਲ ਦੀ ਉਮਰ ਤੱਕ ਆਪਣੇ ਪਿਤਾ ਜੀ ਨਾਲ ਅੰਮ੍ਰਿਤਸਰ ਵਿਖੇ ਰਹੇ ਅਤੇ ਆਪ ਦੀ ਪੜ੍ਹਾਈ ਸਿਖਲਾਈ ਮੀਰੀ-ਪੀਰੀ ਦੇ ਮਾਲਕ ਹਰਿਗੋਬਿੰਦ ਸਾਹਿਬ ਦੀ ਦੇਖਰੇਖ ਹੇਠ ਹੋਈ। ਆਪ ਨੂੰ ਗੁਰਮਤਿ ਦੀ ਵਿੱਦਿਆ ਦੇ ਨਾਲ ਸ਼ਸਤਰਾਂ ਦੀ ਵਰਤੋਂ ਅਤੇ ਘੋੜ-ਸਵਾਰੀ ਆਦਿ ਦੀ ਸਿਖਲਾਈ ਵੀ ਦਿੱਤੀ ਗਈ ਜਿਸ ਦੇ ਫ਼ਲਸਰੂਪ ਆਪ ਤੇਗ ਦੇ ਐਸੇ ਧਨੀ ਬਣੇ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਦਾ ਨਾਮ ਹੀ ਤੇਗ ਬਹਾਦਰ ਰੱਖ ਦਿੱਤਾ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਅੰਮ੍ਰਿਤਸਰ ਤੋਂ ਕਰਤਾਰਪੁਰ ਆਏ ਤਾਂ ਆਪ ਪਿਤਾ ਗੁਰੂ ਜੀ ਨਾਲ ਸਨ। ਸੰਨ 1634 ਵਿੱਚ ਆਪ ਦਾ ਵਿਆਹ ਕਰਤਾਰਪੁਰ (ਜਲੰਧਰ) ਨਿਵਾਸੀ ਸ਼੍ਰੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਇਸੇ ਸਾਲ ਜਦੋਂ ਕਰਤਾਰਪੁਰ ਸਾਹਿਬ ਵਿਖੇ ਚੌਥੀ ਜੰਗ ਹੋਈ ਤਾਂ ਆਪ ਨੇ ਆਪਣੀ ਤੇਗ ਦੇ ਜੌਹਰ ਦਿਖਾਏ। ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਜਬਰ ਦਾ ਸਬਰ ਨਾਲ ਮੁਕਾਬਲਾ ਕਰ ਕੇ ਅਤੇ ਸਬਰ ਦੀ ਜਿੱਤ ਦਾ ਡੰਕਾ ਵਜਾ ਕੇ ਅਜਿਹਾ ਇਤਿਹਾਸਕ ਪ੍ਰਮਾਣ ਨਿਰਮਤ ਕੀਤਾ ਜਿਸ ਦੀ ਬਦੌਲਤ ਮਨੁੱਖੀ ਇਤਿਹਾਸ ਵਿੱਚ ਇੱਕ ਲਾਮਿਸਾਲ ਅਨੋਖੀ ਤੇ ਸ਼ਕਤੀਸ਼ਾਲੀ ਗਵਾਹੀ ਖੜ੍ਹੀ ਹੋ ਗਈ।

" ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤੁ
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ" (ਅੰਗ- 1105)

ਇਸ ਜੰਗ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਸਾਹਿਬ ਚਲੇ ਗਏ ਅਤੇ ਆਪ ਪਿਤਾ ਗੁਰੂ ਦੀ ਆਗਿਆ ਅਨੁਸਾਰ, ਆਪਣੀ ਮਾਤਾ ਜੀ ਤੇ ਪਤਨੀ ਸਮੇਤ ਆਪਣੇ ਨਾਨਕਾ ਪਿੰਡ ਬਕਾਲਾ ਆ ਗਏ।

30 ਮਾਰਚ, 1664 ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ ਤਾਂ ਉਨ੍ਹਾਂ ਹਦਾਇਤ ਕੀਤੀ ਕਿ "ਬਾਬਾ ਵਸੇ ਗਰਾਮ ਬਕਾਲੇ" ਭਾਵਕਿ ਗੁਰਗੱਦੀ ਦਾ ਮਾਲਕ ਬਕਾਲੇ ਵਿਖੇ ਹੈ। ਬਕਾਲੇ ਅਨੇਕਾਂ ਪਾਖੰਡੀ ਬਾਬਿਆਂ ਦੇ ਪੋਲ ਖੁਲ੍ਹ ਜਾਣ ਉਪਰੰਤ 11 ਅਗਸਤ, 1664 ਨੂੰ ਬਾਬਾ ਬਕਾਲਾ ਵਿਖੇ ਆਪ ਜੀ ਨੂੰ ਗੁਰੂ ਗੱਦੀ ਪ੍ਰਾਪਤ ਹੋਈ। 11 ਨਵੰਬਰ, 1675 ਈ. ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਦਿੱਲੀ ਵਿਖੇ ਚਾਂਦਨੀ ਚੌਕ ਵਿੱਚ ਸਮਾਣੇ ਦੇ ਜਲਾਦ ਜਲਾਲ-ਉੱਦੀਨ ਹੱਥੋਂ ਸ਼ਹੀਦ ਕਰਵਾ ਦਿੱਤਾ ਜਿਸ ਦੇ ਫ਼ਲਸਰੂਪ ਸਾਰੀ ਮਨੁੱਖਤਾ ਸੋਗ ਵਿੱਚ ਡੁੱਬ ਗਈ। ਆਪ ਦਾ ਇੱਕੋ ਸਪੁੱਤਰ ਸ਼੍ਰੀ ਗੋਬਿੰਦ ਰਾਏ ਜੀ ਜੋ ਆਪ ਦੀ ਸ਼ਹੀਦੀ ਮਗਰੋਂ ਦਸਵੇਂ ਗੁਰੂ ਦੇ ਰੂਪ ਗੁਰੂ ਗੱਦੀ 'ਤੇ ਬਿਰਾਜਮਾਨ ਹੋਏ।

ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਦੀ ਰਚਨਾਂ, 115 ਸ਼ਬਦ ਤੇ ਸ਼ਲੋਕ, 31ਵੇਂ ਰਾਗ ਜੈਜਾਵੰਤੀ ਵਿੱਚ ਕੀਤੀ ਜੋ ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਵਿੱਚ ਦਰਜ ਕਰਵਾਈ। ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਜੀਵਨ ਕਾਲ ਵਿੱਚ ਮਨੁੱਖਤਾ ਦੀ ਸੇਵਾ ਸਬੰਧੀ ਜੋ ਯੋਗਦਾਨ ਪਾਇਆ ਹੈ ਉਹ ਨਿਮਨ ਲਿਖਿਤ ਤਿੰਨ ਬਿੰਦੂਆਂ 'ਤੇ ਆਧਾਰਿਤ ਹੈ-



1. ਆਪਣੀ ਸ਼ਹਾਦਤ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ ਤੇ ਹਿੰਦ ਦੀ ਚਾਦਰ ਬਣੇ।
2. ਨਾ ਕਿਸੇ ਤੋਂ ਡਰਨ ਦਾ ਤੇ ਨਾ ਹੀ ਕਿਸੇ ਨੂੰ ਡਰਾਉਣ ਦਾ ਉਪਦੇਸ਼ ਦਿੱਤਾ।
3. ਹੱਕ, ਇਨਸਾਫ਼ ਤੇ ਧਰਮ ਦੀ ਆਨ ਸ਼ਾਨ ਲਈ ਆਪਾ ਵਾਰਨ ਦੀ ਜਾਚ ਦੱਸੀ।

ਸ਼੍ਰੀ ਗੁਰੂ ਤੇਗ ਬਹਾਦਰ ਮਨੁੱਖ ਦੇ ਜੀਵਨ ਕਾਲ ਦਾ ਵਿਸ਼ਲੇਸ਼ਨ ਕਰਦਿਆਂ ਫੁਰਮਾਉਂਦੇ ਹਨ ਕਿ:-

" ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ।
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ" ।। (ਅੰਗ- 1428)

ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਸੰਸਾਰ ਇੱਕ ਬਿਖਮ ਘਾਟੀ ਹੈ ਅਤੇ ਜੀਵ ਇੱਕ ਯਾਤਰੂ। ਬਾਲ, ਜਵਾਨੀ ਤੇ ਬਿਰਧ ਅਵਸਥਾ ਇਸ ਯਾਤਰਾ ਦੇ ਤਿੰਨ ਪੜਾਅ ਹਨ। ਜੀਵ ਾਪਣਾ ਬਾਲਪਣ ਅਨਜਾਣਪੁਣੇ ਵਿੱਚ ਅਤੇ ਜਵਾਨੀ ਮੋਹ-ਮਾਇਆ ਤੇ ਅਭਿਮਾਨ ਵਿੱਚ ਅੰਨ੍ਹਾਂ ਹੋ ਕੇ ਗਵਾ ਬਹਿੰਦਾ ਹੈ। ਬੁਢਾਪੇ ਵਿੱਚ ਉਸ ਨੂੰ ਸੋਝੀ ਹੁੰਦੀ ਹੈ ਜਦੋਂ ਕਿ ਉਸ ਦੀ ਜੀਵਨ ਪ੍ਰਕਿਰਿਆ, ਸਰੀਰ ਦੇ ਕਮਜ਼ੋਰ ਹੋਣ ਕਰ ਕੇ ਬੇਅਰਥ ਹੋ ਜਾਂਦੀ ਹੈ ਅਤੇ ਮਨੁੱਖ ਪਸ਼ਚਾਤਾਪ ਕਰਦਾ ਹੈ। ਸੋ ਜੀਵ ਲਈ ਜ਼ਰੂਰੀ ਹੈ ਕਿ ਜਵਾਨੀ ਵੇਲੇ ਚੰਗੇ ਕਰਮ ਕਰੇ ਅਤੇ ਪਰਮਾਤਮਾ ਦੇ ਸਿਮਰਨ ਵਿੱਚ ਲੀਨ ਹੋ ਜਾਵੇ ਜੋ ਮਨੁੱਖ ਦਾ ਸਾਰਥਿਕ ਆਧਾਰ ਹੈ।

(ਫੋਨ- 7589264221)

ਦੁਰਲਭ ਇਤਿਹਾਸਕ ਖੋਜ

# ਗੁਰੂ ਤੇਗ ਬਹਾਦਰ ਜੀ ਦਾ ਸੀਸ ਲਿਆਉਣ ਵਾਲੇ ਭਾਈ ਜਮਾਲਾ ਸਿੰਘ ਨਨੂਆਂ

ਰਜਿੰਦਰ ਸਿੰਘ ਨਨੂਆਂ
ਰੂਪਨਗਰ



ਪੁਆਧ ਇਲਾਕੇ ਦੇ ਇਕ ਅਜੀਮ ਪ੍ਰਚਾਰਕ, ਇਕ ਕਿਰਤੀ ਵਜੋਂ ਕਿਰਤ ਕਰਕੇ ਆਪਣੀ ਉਪਜੀਵਕਾ ਕਮਾਉਣ ਵਾਲੇ, ਕੁਰਬਾਨੀ ਦੇ ਪੁੰਜ, ਸੇਵਾ ਤੇ ਸਿਰੜ ਦੀ ਮੂਰਤ, ਕਾਵਿ ਕਲਾ ਦੀ ਸਿਰਜਣਾ ਵਿਚ ਰਾਗਾਂ ਦੀ ਮੁਹਾਰਤ ਰੱਖਣ ਵਾਲੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ 52 ਕਵੀਆਂ ਵਿਚੋਂ ਇਕ ਦਰਬਾਰੀ ਕਵੀ, ਦੁਨਿਆਵੀ ਬਿਰਤੀਆਂ ਤੋਂ ਨਿਰਲੇਪ ਰਹਿਣ ਵਾਲੇ ਬੈਰਾਗੀ ਸੁਭਾਅ ਦੇ ਮਾਲਕ ਅਤੇ ਗੁਰੂ ਮਹਾਰਾਜ ਦੇ ਬਚਨਾਂ ਨੂੰ ਕਮਾਉਂਦੇ ਹੋਏ ਆਪਾ ਕੁਰਬਾਨ ਕਰ 'ਸਵਾ ਲਾਖ ਸੇ ਏਕ ਲੜਾਊਂ' ਦੇ ਬਚਨਾਂ ਨੂੰ ਪੂਰਾ ਕਰਦੇ ਹੋਏ ਸ਼ਹਾਦਤ ਦਾ ਜਾਮ ਪੀਣ ਵਾਲੇ ਸੈਣੀ ਬਰਾਦਰੀ ਦੇ ਭਾਈ ਜਮਾਲਾ ਸਿੰਘ ਨਨੂਆ ਜੀ ਨੂੰ ਪੁਆਧ ਇਲਾਕੇ ਵਿਚ ਪੰਜ ਗੁਰੂ ਸਹਿਬਾਨ ਦੀ ਹਜ਼ੂਰੀ ਵਿਚ ਸੇਵਾ ਕਰਨ ਦਾ ਮਾਣ ਪ੍ਰਾਪਤ ਹੈ। ਭਾਈ ਜਮਾਲਾ ਸਿੰਘ ਨਨੂਆ ਜੀ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਲੈ ਕੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂ ਸਹਿਬਾਨ ਦੀ ਹਜ਼ੂਰੀ ਵਿਚ ਰਹਿੰਦੇ ਹੋਏ ਆਪਣੀ ਸਖਸ਼ੀਅਤ ਨੂੰ ਵੱਖ ਵੱਖ ਪੱਖਾਂ ਤੋਂ ਪਰਪੱਕਤਾ ਨਾਲ ਉਸਾਰਿਆ ਅਤੇ ਨਵਾਂ ਇਤਿਹਾਸ ਸਿਰਜਿਆ। ਰੂਪਨਗਰ ਜ਼ਿਲ੍ਹੇ ਦੇ ਪਿੰਡ ਭੱਕੂ ਮਾਜਰਾ ਨਾਲ ਸਬੰਧਤ ਇਸ ਮਹਾਂ ਨਾਇਕ ਦੀ ਜੀਵਨੀ ਇਤਿਹਾਸਕ ਹਵਾਲਿਆਂ ਸਹਿਤ ਦਿੱਤੀ ਜਾ ਰਹੀ ਹੈ।

ਭਾਈ ਜਮਾਲਾ ਸਿੰਘ ਨਨੂਆ ਜੀ ਦਾ ਜਨਮ ਗੁਰੂ ਰਾਮ ਦਾਸ ਜੀ ਦੇ ਉੱਘੇ ਗੁਰਸਿੱਖਾਂ ਵਿਚ ਸ਼ੁਮਾਰ ਭਾਈ ਕਲਿਆਣਾ ਜੀ ਦੇ ਪਰਿਵਾਰ ਵਿਚ ਹੋਇਆ। ਆਪ ਭਾਈ ਕਲਿਆਣਾ ਜੀ ਦੇ ਪੜਪੋਤਰੇ ਸਨ ਜਦਕਿ ਭਾਈ ਕਲਿਆਣਾ ਜੀ ਦੇ ਪੜਦਾਦਾ ਭਾਈ ਨਾਨੂੰ ਜੀ (ਜਿਨ੍ਹਾਂ ਨੇ ਉੱਚ ਸਨਾਤਨੀ ਵਿਦਿਆ ਪ੍ਰਾਪਤ ਕਰਕੇ ਦਿੱਗਵਿਜਈ ਪੰਡਤ ਦੀ ਉਪਾਧੀ ਹਾਸਲ ਕੀਤੀ ਹੋਈ ਸੀ) ਸਨ। ਇਨ੍ਹਾਂ ਦੀ ਸੂਰਜ ਗ੍ਰਹਿਣ ਦੇ ਸਮੇਂ ਕੁਰਕਸ਼ੇਤਰ ਦੀ ਧਰਤੀ 'ਤੇ ਗੁਰੂ ਨਾਨਕ ਦੇਵ ਜੀ ਨਾਲ ਗੋਸ਼ਟੀ ਹੋਈ ਸੀ, ਜੋ ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦੇ ਸਿੱਖ ਬਣ ਗਏ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਇਸ ਇਲਾਕੇ ਵਿਚ ਸਿੱਖ ਧਰਮ ਦਾ ਪ੍ਰਚਾਰਕ ਥਾਪ ਦਿੱਤਾ। ਭਾਈ ਜਮਾਲਾ ਨਨੂਆ ਜੀ ਦਾ ਜਨਮ ਭਾਈ ਕਲਿਆਣਾ ਜੀ ਦੇ ਪੋਤਰੇ ਭਾਈ ਬਾਘਾ ਜੀ ਦੇ ਘਰ ਪਿੰਡ ਭੱਕੂਮਾਜਰਾ ਵਿਚ (ਅੰਦਾਜਨ) ਸਾਲ 1629 ਈਸਵੀ ਵਿੱਚ ਹੋਇਆ। ਭਾਈ ਕਲਿਆਣਾ ਜੀ ਓਹੀ ਗੁਰਸਿੱਖ ਸਨ ਜਿਨ੍ਹਾਂ ਨੂੰ ਸਿੱਖੀ ਪ੍ਰਚਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਲੱਕੜ ਅਤੇ ਧਨ ਜੁਟਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਮੰਡੀ ਰਿਆਸਤ ਵਿਚ ਭੇਜਿਆ ਸੀ ਅਤੇ ਉਨ੍ਹਾਂ ਨੇ ਜਨਮ ਅਸ਼ਟਮੀ ਦੇ ਮੌਕੇ 'ਤੇ ਰਾਜੇ ਦੇ ਹੁਕਮਾਂ ਅਨੁਸਾਰ ਵਰਤ ਰੱਖਣ ਤੋ ਇਨਕਾਰ ਕਰ ਦਿੱਤਾ ਸੀ ਜਿਸ ਕਾਰਨ ਮੰਡੀ ਦੇ ਰਾਜਾ ਨੇ ਉਨ੍ਹਾਂ ਨੂੰ ਸਜ਼ਾ ਦੇਣ ਦਾ ਹੁਕਮ ਕੀਤਾ ਸੀ ਪਰ ਉਨ੍ਹਾਂ ਦੇ ਪ੍ਰਚਾਰ ਅਤੇ ਉੱਚੇ ਸੁੱਚੇ ਕਿਰਦਾਰ ਤੋਂ ਪ੍ਰਭਾਵਤ ਹੋ ਕੇ ਮੰਡੀ ਦੇ ਰਾਜਾ ਹਰੀ ਸੈਨ ਨੇ ਗੁਰੂ ਅਰਜਨ ਦੇਵ ਜੀ ਪਾਸ ਅੰਮ੍ਰਿਤਸਰ ਆ ਕੇ ਸਿੱਖੀ ਧਾਰਨ ਕੀਤੀ ਸੀ। ਇਸ ਸੇਵਾ ਉਪਰੰਤ ਛੇਵੇਂ ਪਾਤਸ਼ਾਹ ਜੀ ਨੇ ਭਾਈ ਕਲਿਆਣਾ ਨੂੰ ਦਿੱਲੀ ਵਿਚ ਸਿੱਖੀ ਪ੍ਰਚਾਰ ਲਈ ਭੇਜਿਆ ਜਿੱਥੇ ਉਨ੍ਹਾਂ ਨੇ ਇਕ ਧਰਮਸਾਲਾ ਦੀ ਉਸਾਰੀ ਕੀਤੀ ਜੋ ਉਨਾਂ ਦੇ ਨਾਮ ਨਾਲ ਭਾਈ ਕਲਿਆਣਾ ਦੀ ਧਰਮਸਾਲਾ ਦੇ ਨਾਮ ਨਾਲ ਪ੍ਰਸਿੱਧ ਹੋਈ। ਬਾਅਦ ਵਿਚ ਇਹੀ ਕਲਿਆਣਾ ਜੀ ਅਤੇ ਉਨ੍ਹਾਂ ਦਾ ਭਰਾ ਨਾਨੋ ਜੀ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਜੀ ਦੀ ਕਰਤਾਰ ਪੁਰ ਦੀ ਜੰਗ ਵਿਚ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਸਨ।



ਭਾਈ ਜਮਾਲਾ ਨਨੂਆ ਜੀ ਦੇ ਪਰਿਵਾਰ ਦੀ ਪੁਸ਼ਤ ਦਰ ਪੁਸ਼ਤ ਸੇਵਾ ਕਾਰਨ ਗੁਰੂ ਸਹਿਬਾਨਾਂ ਨਾਲ ਪਰਿਵਾਰਕ ਨੇੜਤਾ ਬਣੀ ਹੋਣ ਕਾਰਨ ਹੀ ਜਮਾਲਾ ਜੀ ਵੀ ਛੋਟੀ ਉਮਰੇ ਹੀ ਗੁਰੂ ਹਰਗੋਬਿੰਦ ਸਾਹਿਬ ਜੀ ਪਾਸ ਕੀਰਤਪੁਰ ਜ਼ਿਆਦਾ ਸਮਾਂ ਗੁਜ਼ਾਰਨ ਲੱਗੇ ਅਤੇ ਗੁਰੂ ਜੀ ਪਾਸੋਂ ਸਿੱਖਿਆ ਪ੍ਰਾਪਤੀ ਅਤੇ ਦੈਵੀ ਗੁਣ ਧਾਰਨ ਕਰਦੇ ਗਏ। ਗੁਰੂ ਜੀ ਆਪ ਨੂੰ ਨਨੂਆ ਦੀ ਬਜਾਏ ਪਿਆਰ ਨਾਲ ਨਾਨੂ ਨਾਮ ਨਾਲ ਪੁਕਾਰਦੇ ਸਨ ਜਿਸ ਕਰਕੇ ਸੰਗਤ ਵੀ ਇਨ੍ਹਾਂ ਦੀ ਛੋਟੀ ਉਮਰ ਕਰਕੇ ਅਸਲ ਨਾਮ ਜਮਾਲਾ ਦੀ ਥਾਂ ਨਾਨੂ ਹੀ ਕਹਿਣ ਲੱਗ ਪਈ ਅਤੇ ਆਪਦਾ ਨਾਨੂ ਨਾਮ ਹੀ ਸੰਗਤ ਵਿਚ ਚਰਚਿਤ ਹੋ ਗਿਆ। ਜਦੋਂ ਆਪ ਗੁਰੂ ਜੀ ਦੀ ਦੇਖ ਰੇਖ ਵਿਚ ਸੇਵਾ ਅਤੇ ਵਿਦਿਅਕ ਗੁਣਾਂ ਦੇ ਅੱਛੇ ਧਾਰਨੀ ਹੋ ਗਏ ਤਾਂ ਆਪ ਨੂੰ ਗੁਰੂ ਜੀ ਨੇ ਦਿੱਲੀ ਵਿਖੇ ਆਪਣੇ ਪਿਤਾ ਬਾਘਾ ਜੀ ਅਤੇ ਵੱਡੇ ਭਰਾਵਾਂ ਮਸੰਦ ਗੁਰਬਖਸ਼ ਰਾਇ ਤੇ ਤੁਲਸੀ ਰਾਇ ਨਾਲ ਮਿਲ ਕੇ ਸੇਵਾ ਨਿਭਾਉਣ ਦਾ ਹੁਕਮ ਦਿੱਤਾ ਜਿਸ ਨੂੰ ਉਨ੍ਹਾਂ ਨੇ ਖਿੜੇ ਮੱਥੇ ਸਵੀਕਾਰ ਕੀਤਾ। ਭਾਈ ਜਮਾਲਾ ਨਨੂਆ ਜੀ ਦੇ ਵੱਡੇ ਗੁਣਾਂ ਨੂੰ ਸ੍ਰੀ ਗੁਰੂ ਅਮਰ ਦਾਸ ਜੀ ਦੇ ਵੰਸ਼ਜ ਭਾਈ ਸਰੂਪ ਦਾਸ ਭੱਲਾ ਜੀ ਮਹਿਮਾ ਪ੍ਰਕਾਸ਼ ਵਿਚ ਇਸ ਪ੍ਰਕਾਰ ਲਿਖਦੇ ਹਨ – "ਨਨੂਆ ਬੈਰਾਗੀ ਸਿਆਮ ਕਵਿ ਬ੍ਰਹਮ ਭਾਟ ਜੋ ਆਹ।
ਭਈ ਨਿਹਚਲ ਫਕੀਰ ਗੁਰ ਬਡੇ ਗੁਨਗ ਗੁਨ ਤਾਹ"।

ਭਾਈ ਨਾਨੂ ਜੀ (ਭਾਈ ਜਮਾਲਾ ਨਨੂਆ) ਮੁਹੱਲਾ

ਦਿਲਵਾਲੀ, ਦਿੱਲੀ ਵਿਖੇ ਹੀ ਆਪਣੇ ਪੜਦਾਦਾ ਭਾਈ ਕਲਿਆਣਾ ਜੀ ਦੀ ਧਰਮਸਾਲਾ ਵਿਚੋਂ ਹੀ ਸਿੱਖੀ ਪ੍ਰਚਾਰ ਕਰਦੇ ਰਹੇ। ਇਸੇ ਸਮੇਂ ਦੌਰਾਨ ਜਦੋਂ ਬਾਦਸ਼ਾਹ ਸ਼ਾਹ ਜਹਾਨ ਦਾ ਪੁਤਰ ਦਾਰਾ ਸ਼ਿਕੋਹ ਬਹੁਤ ਜ਼ਿਆਦਾ ਬੀਮਾਰ ਹੋ ਗਿਆ ਤਾਂ ਆਪ ਦੇ ਪਰਮ ਮਿੱਤਰ ਬਾਬਾ ਹੁਸੈਨੀ ਰਾਹੀਂ ਹੀ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਦਵਾਖਾਨੇ ਤੋਂ ਦਵਾਈ ਮੰਗਵਾ ਕੇ ਦਿੱਤੀ ਗਈ ਜਿਸ ਨਾਲ ਦਾਰਾ ਸਿਕੋਹ ਠੀਕ ਹੋ ਗਿਆ। ਪਰ ਜਦੋਂ ਔਰੰਗਜ਼ੇਬ ਦਿੱਲੀ ਦੇ ਤਖਤ 'ਤੇ ਬੈਠਾ ਤਾਂ ਉਹ ਮੌਲਾਣਿਆਂ ਦੀ ਚੁੱਕ ਵਿਚ ਆ ਕੇ ਕਿ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ ਦੇ ਇਲਜ਼ਾਮਾਂ ਤਹਿਤ ਗੁਰੂ ਹਰਿ ਰਾਇ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਸਿੱਖਾਂ ਦੀ ਸਲਾਹ ਮੰਨ ਕੇ ਗੁਰੂ ਜੀ ਨੇ ਆਪ ਜਾਣ ਕੀ ਬਜਾਏ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੂੰ ਦਿੱਲੀ ਭੇਜਿਆ, ਜੋ ਭਾਈ ਕਲਿਆਣਾ ਜੀ ਦੀ ਧਰਮਸ਼ਾਲਾ ਵਿਖੇ ਹੀ ਠਹਿਰੇ।ਬਾਬਾ ਰਾਮ ਰਾਇ ਜੀ ਨੇ ਅਨੇਕਾਂ ਕਰਾਮਾਤਾਂ ਦਿਖਾਈਆਂ ਅਤੇ ਔਰੰਗਜ਼ੇਬ ਨੂੰ ਦਲੀਲਾਂ ਨਾਲ ਸਹਿਮਤ ਕਰ ਲਿਆ ਪਰ ਬਾਦਸ਼ਾਹ ਨੂੰ ਹੋਰ ਖੁਸ਼ ਕਰਨ ਹਿੱਤ ਉਨ੍ਹਾਂ ਨੇ ਗੁਰਬਾਣੀ ਦੀ ਇਕ ਤੁਕ ਬਦਲ ਦਿੱਤੀ, ਤਾਂ ਭਾਈ ਜਮਾਲਾ ਨਨੂਆ ਜੀ ਅਤੇ ਉਨ੍ਹਾਂ ਦੇ ਭਰਾ ਭਾਈ ਗੁਰਬਖਸ਼ ਰਾਇ ਜੀ ਨੇ ਦਿੱਲੀ ਦੀਆਂ ਸੰਗਤਾਂ ਨਾਲ ਸਲਾਹ ਕਰਕੇ ਇਕ ਸੰਦੇਸ਼ਵਾਹਕ ਰਾਹੀਂ ਇਹ ਤੱਥ ਸੱਤਵੇ ਪਾਤਸ਼ਾਹ ਜੀ ਦੇ ਧਿਆਨ ਵਿਚ ਲਿਆਂਦੇ ਤਾਂ ਉਨ੍ਹਾਂ ਨੇ ਰਾਮ ਰਾਇ ਜੀ ਨੂੰ ਇਹ ਸੁਨੇਹਾ ਭਿਜਵਾ ਦਿੱਤਾ ਕਿ ਉਹ ਸਾਡੇ ਮੱਥੇ ਨਾ ਲਗੇ ਅਤੇ ਇਹ ਵੀ ਲਿਖ ਭੇਜਿਆ ਕਿ ਉਹ ਕੀਰਤਪੁਰ ਨਾ ਆਵੇ।

ਜਦੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਦੀਆਂ ਸੰਗਤਾ ਦੇ ਸੱਦੇ 'ਤੇ ਦਿੱਲੀ ਆਏ ਤਾਂ ਉੱਥੇ ਭਾਈ ਜਮਾਲਾ ਸਿੰਘ ਨਨੂਆ ਦੇ ਵੱਡੇ ਭਰਾ ਭਾਈ ਮਸੰਦ ਗੁਰਬਖਸ਼ ਰਾਇ ਦੀ ਅਗਵਾਈ ਵਿਚ ਸੰਗਤਾਂ ਨੇ ਸਵਾਗਤ ਕੀਤਾ ਅਤੇ ਗੁਰੂ ਜੀ ਪਹਿਲਾਂ ਭਾਈ ਕਲਿਆਣਾ ਜੀ ਦੀ ਧਰਮਸ਼ਾਲਾ ਵਿਚ ਹੀ ਰਹੇ। ਬਾਅਦ ਵਿਚ ਰਾਜਾ ਜੈ ਸਿੰਘ ਦੀ ਬੇਨਤੀ ਮੰਨਦਿਆਂ ਉਸ ਦੇ ਬੰਗਲੇ ਵਿਚ ਰਹਿਣ ਲੱਗੇ। ਭਾਈ ਸਰੂਪ ਸਿੰਘ ਕੌਸ਼ਿਸ਼ ਰਚਿਤ "ਗੁਰੂ ਕੀਆਂ ਸਾਖੀਆਂ" ਅਤੇ ਭੱਟ ਵਹੀ ਤਲੌਂਡਾ, ਪਰਗਣਾ ਜੀਂਦ ਵਿਚ ਇਸ ਦੀ ਸਪੱਸ਼ਟ ਗਵਾਹੀ ਮਿਲਦੀ ਹੈ ਕਿ ਅੱਠਵੇਂ ਪਾਤਸ਼ਾਹ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਭਾਈ ਦਰਘਾ ਮੱਲ ਜੀ, ਆਪ ਦੀ ਮਾਤਾ ਸੁਲੱਖਣੀ ਜੀ ਦੀ ਅਗਵਾਈ ਵਿਚ ਭਾਈ ਚਉਪਤ ਰਾਇ, ਮਨੀ ਰਾਮ, ਨਾਨੂੰ ਤੇ ਗੁਰਬਖਸ਼ ਆਦਿਕ ਦੇ ਵਫਦ ਨੂੰ ਬਕਾਲੇ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰਤਾ ਗੱਦੀ ਸੌਂਪਣ ਦੀ ਰਸਮ ਅਦਾ ਕਰਨ ਦਾ ਹੁਕਮ ਦਿੱਤਾ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਮਾਤਾ ਜੀ ਦੀ ਸਲਾਹ ਅਨੁਸਾਰ ਭਾਈ ਗੁਰਬਖਸ਼ ਰਾਇ ਜੀ ਦੀ ਅਗਵਾਈ ਵਿਚ ਦਿੱਲੀ ਭੋਗਲ ਇਲਾਕੇ ਵਿਚ ਗੁਰੂ ਜੀ ਦੀ ਮ੍ਰਿਤਕ ਦੇਹ ਦਾ ਸਸਕਾਰ ਕੀਤਾ ਅਤੇ ਅੰਗੀਠਾ ਠੰਡਾ ਹੋਣ 'ਤੇ ਮਾਤਾ ਸੁਲੱਖਣੀ ਜੀ ਦੇ ਹੁਕਮ ਮੁਤਾਬਕ ਅਸਥੀਆਂ ਹਰਿਦੁਆਰ ਵਿਚ ਪ੍ਰਵਾਹ ਕੀਤੀਆਂ ਅਤੇ ਬਾਕੀ ਦੀ ਬਚੀ ਭਸਮ ਆਦਿ ਇਕੱਠੀ ਕਰਕੇ ਮਾਤਾ ਸੁਲੱਖਣੀ ਜੀ, ਗੁਰਬਖਸ਼ ਰਾਇ, ਦੀਵਾਨ ਦਰਘਾ ਮੱਲ, ਜਮਾਲਾ ਨਨੂਆ ਜੀ ਨੇ ਕੀਰਤਪੁਰ ਸਾਹਿਬ ਪਤਾਲਪੁਰੀ ਪ੍ਰਵਾਹ ਕੀਤੀ। ਉਪਰੰਤ ਇਹ ਕਾਫ਼ਲਾ ਬਾਬਾ ਬਕਾਲਾ ਪਹੁੰਚਿਆ ਅਤੇ ਬਾਬਾ ਬੁੱਢਾ ਜੀ ਦੀ ਅੰਸ਼ ਵਿਚੋਂ ਭਾਈ ਗੁਰਦਿੱਤਾ ਜੀ ਨੂੰ ਬੁਲਾ ਕੇ ਉਨ੍ਹਾਂ ਦੇ ਹੱਥੋਂ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਨਸ਼ੀਨੀ ਦੀ ਸਮੱਗਰੀ ਭੇਂਟ ਕੀਤੀ ਅਤੇ ਗੁਰਗੱਦੀ ਦੀ ਰਸਮ ਪੂਰੀ ਕੀਤੀ।

ਭਾਈ ਨਾਨੂ ਜੀ (ਜਮਾਲਾ ਨਨੂਆ) ਗੁਰੂ ਤੇਗ ਬਹਾਦਰ ਜੀ ਦੇ ਅਤਿ ਨਜ਼ਦੀਕੀ ਗੁਰਸਿੱਖਾਂ ਵਿਚ ਸ਼ੁਮਾਰ ਹੋਣ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਜਦੋਂ ਨੌਂਵੇ ਗੁਰੂ ਵਜੋਂ ਗੁਰਗੱਦੀ ਦੀ ਰਸਮ ਪੂਰੀ ਹੋਣ ਉਪਰੰਤ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਨਮਿਤ ਮਾਤਮੀ ਪਰਚਾਵਨੀ ਕਰਨ ਕੋਟ ਗੁਰੂ ਹਰਿ ਰਾਇ (ਕੀਰਤਪੁਰ ਸਾਹਿਬ) ਜਾਣ ਦਾ ਫੈਸਲਾ ਕੀਤਾ ਤਾਂ ਭਾਈ ਸਰੂਪ ਸਿੰਘ ਕੌਸ਼ਿਸ਼ ਦੀ ਲਿਖਤ ਅਨੁਸਾਰ – **"ਉਨ੍ਹਾਂ ਨਾਲ ਜਾਣ ਵਾਲਿਆਂ ਵਿਚ ਧੀਰ ਮੱਲ ਬੇਟਾ ਬਾਬਾ ਗੁਰਦਿੱਤਾ ਜੀ ਕਾ, ਚਉਪਤ ਰਾਇ ਬੇਟਾ ਪੇਰੈ ਛਿੱਬਰ ਕਾ, ਸੰਗਤ ਬੇਟਾ ਬਿੰਨੇ ਉਪਲ ਕਾ, ਦਿਆਲ ਦਾਸ, ਮਨੀ ਰਾਮ ਬੇਟੇ ਮਾਈ ਦਾਸ ਕੇ, ਜੱਗੂ ਬੇਟਾ ਪਦਮੇ ਕਾ, ਗੁਰਬਖਸ਼ ਔਰ ਨਾਨੂ ਬੇਟੇ ਬਾਘੇ ਕੇ, ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਮੱਲ ਕੇ ਗੈਲ ਆਏ"**। ਗੁਰੂ ਤੇਗ ਬਹਾਦਰ ਜੀ ਵਲੋਂ ਭਾਈ ਨਨੂਆ ਜੀ ਨੂੰ ਲਾਹੌਰ ਦੀ ਮਹੰਤੀ ਬਖਸ਼ ਕੇ ਸਿੱਖੀ ਪ੍ਰਚਾਰ ਲਈ ਹੁਕਮ ਕੀਤਾ। ਇਸ ਸਬੰਧ ਵਿਚ ਸ੍ਰੀ ਸੰਤ ਸਹਿਜ ਰਾਮ ਜੀ ਆਪਣੀ ਪੋਥੀ 'ਪਰਚੀਆਂ ਭਾਈ ਕਨ੍ਹਈਆ ਜੀ' ਵਿਚ ਇਸ ਤਰਾਂ ਲਿਖਦੇ ਹਨ : "ਜਬ ਤੀਨ ਮਾਹ ਬੀਤੇ, ਤਬ ਏਕ ਦਿਨ ਗੁਰੂ ਜੀ ਨੇ ਨਨੂੰਏ ਜੀ ਕੋ ਕਹਾ। ਤੁਮ ਲਾਹੌਰ ਜਾਵਹੁ। ਅਉਰ ਕੁਛ ਨਾ ਕਹਾ। ਤਬ ਨਨੂਆ ਜੀ ਬਚਨ ਸੁਨਤੇ ਹੀ ਮਸਤਕ ਟੇਕਿਆ, ਅਰ ਹਾਥ ਜੋੜ ਕਰਿ ਕਹਾ, ਜੋ ਸਚੇ ਪਾਤਸ਼ਾਹ ਜੀ ਬਹੁਤ ਭਲਾ।"

ਲਾਹੌਰ ਵਿਖੇ ਭਾਈ ਨਨੂਆ ਜੀ ਵਲੋਂ ਸਿਦਕ ਦਿਲੀ ਨਾਲ ਕੀਤੇ ਸਿੱਖੀ ਪ੍ਰਚਾਰ ਕਾਰਨ ਉਨ੍ਹਾਂ ਦਾ ਪੂਰੇ ਇਲਾਕੇ ਵਿਚ ਬੜਾ ਸਤਿਕਾਰ ਵਧਿਆ। ਇਸ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਵਜ਼ੀਰਾਬਾਦ ਦਾ ਇਕ ਨੌਜਵਾਨ ਭਾਈ ਕਨ੍ਹਈਆ ਜੀ, ਭਾਈ ਨਨੂਆ ਜੀ ਦੇ ਸੰਪਰਕ ਵਿਚ ਆਇਆ ਅਤੇ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਆ ਕੇ ਸਿੱਖੀ ਧਾਰਨ ਕੀਤੀ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੜੇ ਸਦਕਾ ਅਨੰਦਪੁਰ ਸਾਹਿਬ ਦੀਆਂ ਜੰਗਾਂ ਦੌਰਾਨ ਸੇਵਾਪੰਥੀ ਸੰਪਰਦਾਇ ਦੀ ਆਰੰਭਤਾ ਕੀਤੀ। ਬਾਅਦ ਵਿਚ ਨੌਂਵੇ ਪਾਤਸ਼ਾਹ ਜੀ ਵਲੋਂ ਭਾਈ ਨਾਨੂ (ਨਨੂਆਂ) ਨੂੰ ਮੁੜ ਦਿੱਲੀ ਵਿਖੇ ਸਿੱਖੀ ਪ੍ਰਚਾਰ ਦੀ ਸੇਵਾ ਬਖਸ਼ੀ ਗਈ ਅਤੇ ਆਪ ਫਿਰ ਦਿੱਲੀ ਵਿਖੇ ਦਿਲਵਾਲੀ ਮੁਹੱਲੇ ਵਿਚ ਆਪਣੇ ਪੜਦਾਦਾ ਭਾਈ ਕਲਿਆਣਾ ਜੀ ਦੀ ਧਰਮਸਾਲਾ ਵਿਚ ਸਿੱਖੀ ਪ੍ਰਚਾਰ

ਕਰਨ ਲੱਗ ਪਏ

11 ਨਵੰਬਰ 1675 ਨੂੰ ਨੌਂਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਦਾ ਦਿਨ ਆ ਗਿਆ। ਮੁਗਲ ਸਰਕਾਰ ਵਲੋਂ ਸਖ਼ਤ ਪਹਿਰੇ ਲਗਾਏ ਗਏ ਸਨ ਤਾਂ ਕਿ ਕੋਈ ਵੀ ਗੁਰੂ ਜੀ ਦਾ ਸੀਸ ਜਾਂ ਧੜ ਨਾ ਲਿਜਾ ਸਕੇ। ਸ. ਗੁਰਮੁੱਖ ਸਿੰਘ ਓ.ਬੀ.ਈ, ਯੂ.ਕੇ. ਆਪਣੀ ਪੁਸਤਕ "ਗੁਰੂ ਤੇਗ ਬਹਾਦਰ ਇਕ ਸੱਚੀ ਕਹਾਣੀ" ਵਿੱਚ ਲਿਖਦੇ ਹਨ ਕਿ ਪਹਿਲਾਂ ਸਿੱਖ, ਭਾਈ ਕਲਿਆਣਾ ਦੀ ਧਰਮਸ਼ਾਲਾ ਵਿਚ ਇਕੱਠੇ ਹੋਏ ਅਤੇ ਫਿਰ ਭਾਈ ਨਾਨੂ ਦੇ ਘਰ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਭਾਈ ਨਾਨੂ ਪੁਤਰ ਭਾਈ ਬਾਘਾ, ਭਾਈ ਜੈਤਾ ਪੁਤਰ ਭਾਈ ਆਗਿਆ ਰਾਮ, ਭਾਈ ਊਦਾ ਪੁਤਰ ਖੇਮ ਚੰਦ ਰਾਠੌਰ, ਭਾਈ ਤੁਲਸੀ ਪੁਤਰ ਭਾਈ ਬਾਘਾ, ਭਾਈ ਧੁੰਮਾ ਪੁਤਰ ਭਾਈ ਕਾਹਨਾ ਮੌਜੂਦ ਸਨ। ਇਸ ਮੀਟਿੰਗ ਵਿਚ ਤਿਆਰ ਕੀਤੀ ਵਿਉਂਤਬੰਦੀ ਅਨੁਸਾਰ ਗੁਰੂ ਜੀ ਦਾ ਸੀਸ ਚੁੱਕਣ ਦੀ ਜ਼ਿਮੇਵਾਰੀ ਭਾਈ ਜੈਤਾ ਨੇ ਆਪਣੇ ਸਿਰ ਲਈ ਜਿਸ ਦੀ ਸਹਾਇਤਾ ਲਈ ਭਾਈ ਨਾਨੂ (ਨਨੂਆ) ਅਤੇ ਭਾਈ ਉਦੇ ਤਿਆਰ ਹੋਏ। ਗੁਰੂ ਜੀ ਦੇ ਧੜ ਨੂੰ ਚੁੱਕਣ ਲਈ ਇਨ੍ਹਾਂ ਸਿੱਖਾਂ ਨੇ ਭਾਈ ਲੱਖੀ ਸ਼ਾਹ ਵਣਜਾਰਾ ਨਾਲ ਸੰਪਰਕ ਕੀਤਾ ਕਿ ਉਹ ਆਪਣੇ ਗੱਡੇ ਜੋ ਸਰਕਾਰੀ ਸਮਾਨ ਲਿਆ ਰਹੇ ਸਨ, ਨੂੰ ਚਾਂਦਨੀ ਚੌਂਕ ਵਿਚੋਂ ਲਿਜਾ ਕੇ ਇਹ ਕਾਰਜ ਕਰੇ। ਭਾਈ ਆਗਿਆ, ਭਾਈ ਗੁਰਬਖਸ਼ ਰਾਇ, ਭਾਈ ਤੁਲਸੀ ਅਤੇ ਕੁਝ ਹੋਰ ਸਿੱਖਾਂ ਨੂੰ ਹੋਰ ਲੋੜੀਂਦੇ ਇੰਤਜ਼ਾਮ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ। ਭੱਟ ਵਹੀ ਮੁਲਤਾਨੀ ਸਿੰਧੀ ਵਿਚ ਦਰਜ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਸੀਸ "ਜੈਤਾ ਬੇਟਾ ਆਗਿਆ ਰਾਮ ਕਾ, ਨਾਨੂ ਬੇਟਾ ਬਾਘੇ ਕਾ, ਅੱਡੇ ਬੇਟਾ ਖੇਮੇ ਕਾ ਪੋਤਾ ਪਰਮੇ ਕਾ ਗੁਰੂ ਦਾ ਸੀਸ ਪਾਇ ਕੀਰਤਪੁਰ ਪਰਵਾਨਾ ਮਹਲੂ ਆਏ। ਸੰਬਤ ਸਤਾਰਾਂ ਸਾਇ ਬਤੀਸ, ਮੱਘਰ ਸੁਦੀ ਦਸਵੀ ਕੇ ਦਿਨ, ਗਿਆਰਾ ਕੋ ਦਾਗ ਦੀਆ ਮਾਖੋਵਾਲ ਮੇ"। "ਸਿੱਖ ਇਤਿਹਾਸ ਦੇ ਅਣਗੌਲੇ ਨਾਇਕ" ਪੁਸਤਕ ਦੇ ਲੇਖਕ ਡਾ: ਰਾਜਿੰਦਰ ਸਿੰਘ ਜਾਲੀ ਵੀ ਇਸ ਤੱਥ ਦੀ ਪੁਸ਼ਟੀ ਕਰਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਪ੍ਰਵਾਨਤ ਸ. ਰਘਬੀਰ ਸਿੰਘ ਅਨੰਦਪੁਰੀ ਦੀ ਲਿਖੀ ਪੁਸਤਕ ਵਿੱਚ ਇਹ ਸਪੱਸ਼ਟ ਲਿਖਿਆ ਹੈ ਕਿ "ਭਾਈ ਜੈਤਾ, ਭਾਈ ਨਾਨੂ (ਨਨੂਆ) ਅਤੇ ਭਾਈ ਅੱਡਾ ਜੀ ਤਿੰਨ ਸਿੱਖ ਸਾਂਝੇ ਰੂਪ ਵਿਚ ਗੁਰੂ ਜੀ ਦਾ ਸੀਸ ਲੈ ਕੇ ਦਿੱਲੀ ਤੋਂ ਖੁਸ਼ਿਆਲੀ ਗੜ੍ਹੀ ( ਹੁਣ ਬੜ ਖਾਲਸਾ, ਨੇੜੇ ਸੋਨੀਪਤ), ਤਰਾਉੜੀ ਨੇੜੇ ਕਰਨਾਲ, ਅੰਬਾਲਾ, ਗੁਰਦੁਆਰਾ ਨਾਭਾ ਸਾਹਿਬ, ਜੀਰਕਪੁਰ ਅਤੇ ਫਿਰ ਕੀਰਤਪੁਰ ਸਾਹਿਬ ਪਹੁੰਚੇ ਜਿਥੋਂ ਇਕ ਬਿਬਾਨ ਦੀ ਸ਼ਕਲ ਵਿਚ ਗੁਰੂ ਜੀ ਸੀਸ ਅਨੰਦਪੁਰ ਸਾਹਿਬ ਲਿਜਾ ਕੇ ਸਸਕਾਰ ਕੀਤਾ ਗਿਆ। ਸਸਕਾਰ ਸਮੇਂ ਜੁੜੀ ਸੰਗਤ ਵਿਚ ਬਾਲ ਗੁਰੂ ਗੋਬਿੰਦ ਰਾਏ ਜੀ ਨੇ ਭਾਈ ਜੈਤਾ ਅਤੇ ਉਨਾਂ ਦੇ ਸਾਥੀਆਂ ਦੀ ਕੁਰਬਾਨੀ, ਜੁਰਅਤ ਅਤੇ ਵਿਉਂਤਬੰਦੀ ਦੀ ਗਾਥਾ ਸੁਣ ਕੇ ਭਾਈ ਜੈਤਾ ਨੂੰ ਸੰਬੋਧਿਤ ਹੁੰਦੇ ਕਿਹਾ "ਰੰਘਰੇਟੇ ਗੁਰੂ ਕੇ ਬੇਟੇ"। ਇਸ ਉਪਰੰਤ ਗੁਰੂ ਜੀ ਨੇ ਭਾਈ ਜੈਤਾ, ਭਾਈ ਨਾਨੂ ਅਤੇ ਭਾਈ ਅੱਡਾ ਨੂੰ ਗਲੇ ਲਗਾ ਕੇ ਪਿਆਰ ਦਿੱਤਾ ਅਤੇ ਉਨਾਂ ਨੂੰ ਆਪਣੇ ਪੁਤਰ ਕਰਕੇ ਸਨਮਾਨਿਆ। ਇਸ ਤਰਾਂ ਭਾਈ ਨਾਨੂ ( ਨਨੂਆਂ ਜੀ ) ਜੀ ਨੇ ਗੁਰੂ ਜੀ ਦਾ ਸੀਸ ਵਿੱਚ ਲਿਆਉਣ ਵਿੱਚ ਵੱਡਾ ਰੋਲ ਜਿੰਮੇਵਾਰੀ ਨਾਲ ਨਿਭਾਇਆ। ਇਸ ਉਪਰੰਤ ਭਾਈ ਨਨੂਆ ਜੀ ਗੁਰੂ ਜੀ ਪਾਸ ਅਨੰਦਪੁਰ ਸਾਹਿਬ ਹੀ ਟਿਕ ਗਏ ਅਤੇ ਵਾਪਸ ਦਿੱਲੀ ਨਹੀਂ ਗਏ। ਭਾਈ ਜਮਾਲਾ ਸਿੰਘ ਨਨੂਆਂ ਜਿਨ੍ਹਾਂ ਨੂੰ ਇਤਿਹਾਸਕਾਰ ਉਨਾਂ ਦੇ ਛੋਟੇ ਨਾਮ ਨਾਨੂ ਜਾਂ ਨਾਨੂ ਰਾਇ ਜਾਂ ਨਾਨੂ ਸਿੰਘ ਦਿਲਵਾਲੀ ਜਾਂ ਨਾਨੂ ਬੈਰਾਗੀ ਕਰਕੇ ਲਿਖਦੇ ਹਨ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 52 ਕਵੀਆਂ ਵਿਚ ਸ਼ੁਮਾਰ ਸਨ। ਇਸ ਤੱਥ ਦਾ ਜਿਕਰ ਬਾਬਾ ਸੁਮੇਰ ਸਿੰਘ ਜੀ ਰਚਿਤ ਸ੍ਰੀ ਗੁਰਪਦ ਪ੍ਰੇਮ ਪ੍ਰਕਾਸ਼ ਪੱਥਰ ਛਾਪਾ ਵਿਚ ਇਸ ਤਰਾਂ ਦਰਜ ਕੀਤਾ ਹੈ :

ਈਸ਼ਰ ਦਾਸ, ਹੀਰ ਸੁਖਧਾਮਾ, ਨੰਦ ਲਾਲ ਪੰਡਿਤ ਸੁ ਸੁਦਾਮਾ।
ਸੁਖਾ ਸਿੰਘ ਤਥਾ ਗੁਰਦਾਸ, ਨਾਨੂ ਬੈਰਾਗੀ ਗੁਨਰਾਸ॥ 14॥

ਗਿਆਨੀ ਗਿਆਨ ਸਿੰਘ ਜੀ ਦੀ 1891 ਵਿਚ ਪੱਥਰ ਛਾਪੇ ਵਿਚ ਛਪੀ ਤਵਾਰੀਖ ਗੁਰੂ ਖਾਲਸਾ ਵਿਚ "ਨਾਨੂ" ਨਾਮ ਲਿਖਿਆ ਹੈ। ਭਾਈ ਕਾਹਨ ਸਿੰਘ ਨਾਭਾ ਨੇ ਬਵੰਜਾ ਕਵੀ ਸ਼ਬਦ ਹੇਠ ਦਿੱਤੀ ਸੂਚੀ ਵਿਚ ਨਾਨੂ ਅਤੇ ਜਮਾਲ ਦੋ ਨਾਮ ਲਿਖੇ ਹਨ। ਭਾਈ ਵੀਰ ਸਿੰਘ ਜੀ ਨੇ "ਨਾਨੂ" ਨਾਮ ਬਵੰਜਾ ਕਵੀਆਂ ਵਿਚ ਲਿਖਿਆ ਹੈ। ਭਾਈ ਨਨੂਆਂ ਜੀ ਵਲੋਂ ਰਾਗਾਂ ਵਿਚ ਆਪਣੀਆਂ ਰਚਨਾਵਾਂ ਲਿਖੀਆਂ ਹਨ ਜੋ ਇਸ ਸਮੇਂ ਭਾਈ ਕਨ੍ਹਈਆਂ ਜੀ ਦੀ ਸੇਵਾ ਪੰਥੀ ਸੰਪਰਦਾਇ ਕੋਲ ਅਤੇ ਭਾਸ਼ਾ ਵਿਭਾਗ ਪੰਜਾਬ ਦੀ ਲਾਇਬਰੇਰੀ ਵਿਚ ਹੱਥ ਲਿਖਤ ਖਰੜਿਆਂ ਦੇ ਰੂਪ ਵਿਚ ਉਪਲੱਬਧ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਆਪਣਾ ਨਾਮ "ਬਿਸਨ ਪਦੇ ਜਮਾਲਾ ਨਨੂਆ ਕੇ" ਲਿਖਿਆ ਹੈ ਅਤੇ ਆਪਣੀ ਰਚੀਆਂ ਰਾਗ ਬੱਧ ਰਚਨਾਵਾਂ ਵਿਚ ਆਪਣਾ ਨਾਮ 'ਨਨੂਆ' ਲਿਖਿਆ ਹੋਇਆ ਹੈ । ਭਾਈ ਨਨੂਆਂ ਜੀ ਵਲੋਂ ਲਿਖੀਆਂ ਕਵਿਤਾਵਾਂ ਰਾਗ ਆਸਾ, ਕਿਦਾਰਾ, ਬਸੰਤ, ਸਿਰੀਰਾਗ, ਆਸਾਵਰੀਆਂ ਦੇ ਰੂਪ ਵਿਚ ਪ੍ਰਿੰ: ਸੰਤ ਸਿੰਘ ਸੇਖੋਂ, ਪ੍ਰੋ: ਪਿਆਰਾ ਸਿੰਘ ਪਦਮ ਅਤੇ ਡਾ: ਗੋਬਿੰਦ ਸਿੰਘ ਲਾਂਬਾ ਵਲੋਂ ਸੰਪਾਦਤ ਪੁਸਤਕਾਂ ਵਿਚ ਉਪਲੱਬਧ ਹਨ ਇਸ ਦੇ ਹਵਾਲੇ ਭਾਈ ਸ਼ਮਿੰਦਰ ਸਿੰਘ ਲਿਖਤ ਕਿਤਾਬ "ਪੰਥਕ ਪੁਆਧੀ ਹੀਰੇ" ਅਤੇ ਪ੍ਰੋ. ਸੁਰਜੀਤ ਨਨੂਆ ਲਿਖਤ ਪੁਸਤਕ "ਸੈਣੀ ਸਿੱਖ ਮਰਜੀਵੜੇ" ਵਿਚ ਵੀ ਉਪਲੱਬਧ ਹਨ। ਇਨਾਂ ਸਾਰੀਆਂ ਕਵਿਤਾਵਾਂ ਵਿਚ ਉਨਾਂ ਦੇ ਪੂਰੇ ਨਾਮ ਜਮਾਲਾ ਨਨੂਆਂ ਦਾ ਪਤਾ ਚੱਲਦਾ ਹੈ।

ਉਨ੍ਹਾਂ ਦੇ ਪ੍ਰਚਲਤ ਨਾਮ ਨਾਨੂ ਜਾਂ ਨਾਨੂ ਸਿੰਘ ਜਾਂ ਨਾਨੂ ਰਾਇ ਦੇ ਸਬੰਧ ਵਿਚ ਪ੍ਰੋ: ਪਿਆਰਾ ਸਿੰਘ ਪਦਮ ਲਿਖਦੇ ਹਨ ਕਿ "ਉਨ੍ਹਾਂ ਦਾ ਅਸਲ ਨਾਮ ਅਲੋਪ ਹੋ ਗਿਆ। ਇਹ ਨਨੂਆ ਦੇ ਨਾਮ ਨਾਲ ਹੀ ਮਸ਼ਹੂਰ ਹੋ ਗਏ। ਅਸਲ ਵਿਚ

ਨਨੂਆ ਕੋਈ ਨਾਮ ਨਹੀਂ ਹੈ ਬਲਕਿ ਇਕ ਗੋਤ ਹੈ। " ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ "ਨਨੂਆ" ਗੋਤ ਕੇਵਲ ਸੈਣੀ ਬਰਾਦਰੀ ਦਾ ਹੀ ਗੋਤ ਹੈ ਅਤੇ ਕਿਸੇ ਹੋਰ ਬਰਾਦਰੀ ਵਿਚ ਨਨੂਆ ਗੋਤ ਨਹੀਂ ਹੈ। ਭਾਵੇਂ ਭਾਈ ਨਨੂਆਂ ਜੀ ਅੰਮ੍ਰਿਤ ਛੱਕਣ ਉਪਰੰਤ ਜਮਾਲਾ ਸਿੰਘ ਨਨੂਆ ਬਣ ਗਏ ਪਰ ਫਿਰ ਵੀ ਉਨ੍ਹਾਂ ਦਾ ਪੁਰਾਣਾ ਨਾਮ ਨਾਨੂ ਸਿੰਘ ਦਿਲਵਾਲੀ ਉਨ੍ਹਾਂ ਦੇ ਦਿੱਲੀ ਵਿਚ ਦਿਲਵਾਲੀ ਮੁਹੱਲੇ ਵਿਚ ਰਹਿਣ ਵਾਲੇ ਅਸਥਾਨ ਦੇ ਆਧਾਰ 'ਤੇ ਇਤਿਹਾਸ ਵਿੱਚ ਪ੍ਰਚਲਤ ਰਿਹਾ।

ਪ੍ਰਿੰ: ਬਹਾਦਰ ਸਿੰਘ ਗੋਸਲ, ਪ੍ਰੋਜੈਕਟ ਇੰਚਾਰਜ, ਭਾਈ ਜੈਤਾ ਜੀ ਫਾਉਂਡੇਸ਼ਨ ਆਫ਼ ਇੰਡੀਆ ਜੀ ਲਿਖਦੇ ਹਨ ਕਿ "ਨਨੂਆ ਬੈਰਾਗੀ ਜੀ ਸੈਣੀ ਬਰਾਦਰੀ ਨਾਲ ਸਬੰਧਤ ਸਨ ਅਤੇ ਦਿਲਵਾਲੀ ਮੁਹੱਲੇ ਵਿਚ ਕਪੜੇ ਤੇ ਛਾਪੇਖਾਨੇ ਦਾ ਕੰਮ ਕਰਦੇ ਸਨ, ਜੋ ਭਾਈ ਜੈਤਾ ਜੀ ਅਤੇ ਭਾਈ ਊਦਾ ਜੀ ਨਾਲ ਗੁਰੂ ਤੇਗ ਬਹਾਦਰ ਜੀ ਦਾ ਸੀਸ ਅਨੰਦਪੁਰ ਸਾਹਿਬ ਲੈ ਕੇ ਆਏ ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛੱਕਿਆ ਅਤੇ ਸ੍ਰੀ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਹੀਦੀ ਪਾ ਗਏ"।

ਸਾਲ 1699 ਈ: ਦੀ ਵਿਸਾਖੀ ਵਾਲੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤਾਂ ਇਨ੍ਹਾਂ ਤੋਂ ਬਾਅਦ ਪੰਜ ਹੋਰ ਸਿੱਖਾਂ ਨੂੰ ਅੰਮ੍ਰਿਤ ਨਾਮ ਦਿੱਤਾ। ਭਾਈ ਸਰੂਪ ਸਿੰਘ ਕੌਸ਼ਿਸ਼ ਕਰਤਾ 'ਗੁਰੂ ਕੀਆਂ ਸਾਖੀਆਂ' ਵਿਚ ਲਿਖਦੇ ਹਨ ਕਿ ਇਸ ਉਪਰੰਤ ਗਿਆਰਾਂ ਹੋਰ ਸਿੱਖਾਂ ਨੇ ਅੰਮ੍ਰਿਤ ਛੱਕਿਆ ਜਿਨ੍ਹਾਂ ਵਿਚ ਪੰਡਤ ਕ੍ਰਿਪਾ ਰਾਮ ਦੱਤ, ਤੋਂ ਇਲਾਵਾ ਹੋਰ ਸਿੱਖਾਂ ਦੇ ਨਾਲ ਨਾਨੂ ਰਾਮ ਦਿਲਵਾਲੀ ਅਤੇ ਉਸ ਦਾ ਵੱਡਾ ਭਰਾ ਗੁਰਬਖਸ ਰਾਇ ਵੀ ਅੰਮ੍ਰਿਤ ਛੱਕਣ ਵਾਲਿਆਂ ਵਿਚ ਸ਼ਾਮਲ ਸੀ। ਇਸ ਪ੍ਰਕਾਰ ਭਾਈ ਨਾਨੂ ਜੀ ਅੰਮ੍ਰਿਤ ਛੱਕ ਕੇ ਭਾਈ ਜਮਾਲਾ ਸਿੰਘ ਨਨੂਆ ਬਣ ਗਏ।

ਚਮਕੌਰ ਸਹਿਬ ਦੀ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਚਾਲੀ ਸਿੰਘ ਸ਼ਹਾਦਤਾਂ ਪਾ ਗਏ। ਇਸ ਜੰਗ ਦਾ ਵਰਨਣ ਕਰਦਾ ਹੋਇਆ ਭਾਈ ਸਰੂਪ ਸਿੰਘ ਕੌਸ਼ਿਸ਼ 'ਗੁਰੂ ਕੀਆਂ ਸਾਖੀਆਂ' ਵਿਚ ਇਸ ਪ੍ਰਕਾਰ ਲਿਖਦੇ ਹਨ - **"ਸਤਿਗੁਰਾਂ ਭਾਈ ਮਦਨ ਸਿੰਘ ਅਤੇ ਕਾਠਾ ਸਿੰਘ ਕੇ ਸਹਾਦਤ ਪਾਇ ਜਾਨੇ ਕੇ ਬਾਦ ਭਾਈ ਸ਼ੇਰ ਸਿੰਘ ਤੇ ਨਾਹਰ ਸਿੰਘ ਕੋ ਦਰਵਾਜੇ ਆਗੇ ਖਲਾ ਕੀਆ।ਸੂਰਜ ਅਸਤ ਹੋਇ ਜਾਨੇ ਤੀਕ ਦੋਵੇਂ ਸਾਹਿਬਜਾਦੇ ਅਤੇ ਭਾਈ ਨਾਨੂੰ ਸਿੰਘ ਅਤੇ ਕ੍ਰਿਪਾ ਸਿੰਘ ਆਦਿ ਅਠੱਤੀ ਸਿੱਖ ਗੜ੍ਹੀ ਸੇ ਬਾਹਰ ਨਿਕਲ ਸ਼ਹਾਦਤਾਂ ਪਾਇ ਗਏ। "** ਇਸ ਪ੍ਰਕਾਰ ਭਾਈ ਨਾਨੂੰ ਸਿੰਘ ( ਭਾਈ ਜਮਾਲਾ ਸਿੰਘ ਨਨੂਆ) ਜੀ ਚਮਕੌਰ ਸਾਹਿਬ ਦੀ ਜੰਗ ਵਿਚ ਆਪਣੀ ਸ਼ਹਾਦਤ ਦੇ ਕੇ ਆਪਣੀ ਗੁਰੂ ਮਹਾਰਾਜ ਪ੍ਰਤੀ ਦ੍ਰਿੜ ਭਰੋਸੇ, ਨਿਸ਼ਠਾ, ਲਗਨ, ਸਮਰਪਣ ਦੀ ਭਾਵਨਾ ਦਾ ਇਕ ਨਵਾਂ ਇਤਿਹਾਸ ਲਿਖ ਕੇ ਅਮਰ ਹੋ ਗਏ।

## ਨਵੇਂ ਆਜੀਵਨ ਮੈਂਬਰ

**1. ਸ. ਜਸਵਿੰਦਰਪਾਲ ਸਿੰਘ**
ਪੁੱਤਰ ਸ. ਧਿਆਨ ਸਿੰਘ
ਪਿੰਡ ਭਲਿਆਣ, ਰੂਪਨਗਰ



**2. ਸ. ਹਰਨਿੰਦਰ ਸਿੰਘ**
ਪੁੱਤਰ ਸ. ਦਿਆਲ ਸਿੰਘ
ਕੁਰਾਲੀ, ਜ਼ਿਲ੍ਹਾ ਮੋਹਾਲੀ



**3. ਸ. ਸੰਦੀਪ ਸਿੰਘ**
ਪੁੱਤਰ ਸ. ਹਗੁਬੀਰ ਸਿੰਘ
ਫੂਲ ਖੁਰਦ, ਰੂਪਨਗਰ



## ਮੈਗਜ਼ੀਨ ਦੇ ਨਵੇਂ ਪੰਜ ਸਾਲਾ ਮੈਂਬਰ

1. ਸ. ਕਰਮਜੀਤ ਸਿੰਘ, ਪਿੰਡ ਗੰਧੋਂ, ਜ਼ਿਲ੍ਹਾ-ਰੂਪਨਗਰ
2. ਡਾ. ਸਤਿੰਦਰ ਕੌਰ, ਐਮ.ਬੀ.ਬੀ.ਐਸ. ਰੂਪਨਗਰ
3. ਸ. ਰਵਨੀਤ ਸਿੰਘ, ਵਾਸੀ -ਰਾਜਪੁਰਾ, ਜ਼ਿਲ੍ਹਾ-ਪਟਿਆਲਾ
4. ਸ. ਗੁਰਨਾਮ ਸਿੰਘ, # 176, ਗਿੱਲਕੋ ਵੈਲੀ, ਰੂਪਨਗਰ
5. ਸ. ਜੀਵਨ ਸਿੰਘ, ਪਿੰਡ-ਸਹੌੜਾਂ, ਜ਼ਿਲ੍ਹਾ-ਮੋਹਾਲੀ
6. ਸ. ਜਗਤਾਰ ਸਿੰਘ, ਪਿੰਡ-ਖੈਰਾਬਾਦ, ਜ਼ਿਲ੍ਹਾ-ਰੂਪਨਗਰ

ਜੁਲਾਈ-ਅਗਸਤ, 2025 ਦੌਰਾਨ ਸੈਣੀ ਭਵਨ ਨੂੰ ਦਾਨ ਦੇਣ ਵਾਲੇ ਸੱਜਣ :

1. ਡਾ. ਮਾਨਵਪ੍ਰੀਤ ਕੌਰ ਪਤਨੀ ਸ. ਸੰਦੀਪ ਸਿੰਘ, ਡੈਲਾਸ (ਯੂ ਐਸ ਏ)= 21000/
2. ਸ. ਗੁਰਮੁਖ ਸਿੰਘ ਸੈਣੀ (ਸਾਬਕਾ ਐਮ.ਸੀ. ਰੂਪਨਗਰ) = 11000/-
3. ਮੈਨੇਜਰ, ਯੈਸ ਬੈਂਕ, ਰੂਪਨਗਰ=5100/
4. ਸ਼੍ਰੀਮਤੀ ਚੰਦਰ ਕਾਂਤਾ ਪਤਨੀ ਸਵ.ਰਾਜਿੰਦਰ ਸਿੰਘ, ਰੂਪਨਗਰ=5000/
5. ਰੋਟਰੀ ਕਲੱਬ, ਰੂਪਨਗਰ=2000/
6. ਇੰਨਰਵੀਲ੍ਹ ਕਲੱਬ ਰੂਪਨਗਰ=2100/
7. ਰੌਕ ਸਟਾਰ, ਇੰਨਰਵੀਲ੍ਹ ਕਲੱਬ ਰੂਪਨਗਰ=1100
8. ਸ਼੍ਰੀਮਤੀ ਨੀਰੂ ਗੁਪਤਾ, ਐਮ.ਸੀ ਰੂਪਨਗਰ=500/
9. ਸ਼੍ਰੀਮਤੀ ਭਗਵੰਤ ਕੌਰ, ਰਿਟਾ.ਲੈਕਚਰਾਰ, ਰੂਪਨਗਰ=500/

# ਗੁੰਝਲਦਾਰ ਸਵਾਲ ਦਾ ਵਿਗਿਆਨਕ ਜਵਾਬ

ਡਾ. ਅਜਮੇਰ ਸਿੰਘ



(ਇਹ ਲੇਖ ਮਹਾਨ ਵਿਗਿਆਨੀ **ਸਟੀਫਨ ਹੌਕਿੰਗ** (1942-2018) ਦੇ ਵਿਚਾਰਾਂ 'ਤੇ ਆਧਰਿਤ ਹੈ ਜੋ ਉਸ ਨੇ ਆਪਣੀ ਪੁਸਤਕ, 'ਬਰੀਫ ਅੰਸਰਜ਼ ਟੂ ਦ ਬਿੱਗ ਕੁਐਕਚਨਜ਼' ਵਿੱਚ ਪ੍ਰਗਟ ਕੀਤੇ ਹਨ। ਇੰਗਲੈਂਡ ਦੇ ਸ਼ਹਿਰ ਆਕਸਫੋਰਡ ਦਾ ਜੰਮਪਲ ਸਟੀਫ਼ਨ ਹੌਕਿੰਗ ਗਜ਼ਬ ਦਾ ਦਿਮਾਗੀ ਤੇ ਉਤਸ਼ਾਹੀ ਗਣਿਤਕ ਭੌਤਿਕ ਵਿਗਿਆਨੀ ਦਾਰਸ਼ਨਿਕ ਸੀ। ਉਹ ਸਕੂਲ ਪੱਧਰ 'ਤੇ ਤਾਂ ਸਾਧਾਰਨ ਜਿਹਾ ਵਿਦਿਆਰਥੀ ਸੀ ਪਰ ਉੱਚ ਸਿੱਖਿਆ ਵਿੱਚ ਉਸ ਨੇ ਮਾਅਰਕੇ ਮਾਰੇ। ਉਸ ਨੇ 17 ਸਾਲ ਦੀ ਉਮਰ ਵਿੱਚ ਕੈਂਬਰਿਜ ਯੂਨੀਵਰਸਿਟੀ ਤੋਂ ਪਹਿਲੇ ਦਰਜੇ ਵਿੱਚ ਭੌਤਿਕ ਵਿਗਿਆਨ ਦੀ ਡਿਗਰੀ ਹਾਸਲ ਕੀਤੀ ਅਤੇ 24 ਸਾਲ ਦੀ ਉਮਰ ਵਿੱਚ 'ਪ੍ਰਾਪਟੀਜ਼ ਆਫ਼ ਐਕਸਪੈਂਡਿੰਗ ਯੂਨੀਵਰਸ' ਵਿੱਚ ਪੀ.ਐਚ.ਡੀ ਕਰ ਲਈ। ਉਸ ਨੇ ਕੈਲੇਫੋਰਨੀਆਂ ਇੰਸਟੀਚਿਊਟ ਆਫ਼ ਟੈਕਨਾਲੌਜੀ ਵਿੱਚ ਵੀ ਅਧਿਐਨ ਕੀਤਾ। ਜਦੋਂ ਉਹ ਅਜੇ 21 ਸਾਲ ਦਾ ਹੀ ਸੀ ਕਿ ਉਸ ਨੂੰ 'ਮੋਟਰ ਨਿਊਰੋਨ' ਬਿਮਾਰੀ ਨੇ ਘੇਰ ਲਿਆ ਜਿਸ ਨੇ ਹੌਲੀ ਹੌਲੀ ਉਸ ਦੀਆਂ ਸਾਰੀਆਂ ਕਰਮ ਇੰਦਰੀਆਂ ਨੂੰ ਅਹਿਲ ਕਰ ਦਿੱਤਾ ਪਰ ਉਸ ਦਾ ਦਿਮਾਗ ਕ੍ਰਿਸ਼ਮੇ ਕਰਦਾ ਰਿਹਾ। ਇਸ ਲਈ ਉਸ ਨੇ ਆਪਣਾ ਵਿਗਿਆਨਕ ਕਾਰਜ ਕਰਨ ਲਈ ਪਹਿਲਾਂ ਸਪੀਚ ਜਨਰੇਟਿੰਗ ਡਿਵਾਈਸ ਅਤੇ ਫਿਰ ਹੱਥ ਅਤੇ ਗੱਲ੍ਹ ਨਾਲ ਚੱਲਣ ਵਾਲੇ ਸੰਚਾਰ ਯੰਤਰਾਂ ਦੀ ਵਰਤੋਂ ਕੀਤੀ। ਉਹ 50 ਸਾਲ ਵੀਲ੍ਹ ਚੇਅਰ 'ਤੇ ਹੀ ਰਿਹਾ। ਉਸ ਨੇ ਆਪਣੀ ਪ੍ਰੇਮਕਾ ਜੇਨ ਨਾਲ ਵਿਆਹ ਕਰਵਾਇਆ ਜਿਸ ਤੋਂ ਉਸ ਦੇ ਤਿੰਨ ਬੱਚੇ ਸਨ।

ਸਟੀਫਨ ਨੇ ਬ੍ਰਹਿਮੰਡ ਦੀ ਉਤਪਤੀ ਨਾਲ ਸਬੰਧਿਤ ਗਰੈਵੀਟੇਸ਼ਨਲ ਸਿੰਗੁਲੈਰਿਟੀ, ਬਲੈਕ ਹੋਲਜ਼, ਈਵੈਂਟ ਹੌਰਾਈਜ਼ਨ ਅਤੇ ਹਾਕਿੰਗ ਰੇਡੀਏਸ਼ਨਸ ਤੋਂ ਇਲਾਵਾ ਕੁਅੰਟਮ ਮਕੈਨਿਕਸ ਜਿਹੇ ਨਵੇਕਲੇ ਵਿਸ਼ਿਆਂ 'ਤੇ ਖੋਜ ਕਰ ਕੇ ਨਵੀਆਂ ਪਿਰਤਾਂ ਪਾਈਆਂ। ਉਸ ਨੇ ਬ੍ਰਹਿਮੰਡ ਦੇ ਜਨਮ ਸਬੰਧੀ ਬਿੱਗ ਬੈਂਗ ਧਮਾਕੇ ਸਮੇਂ ਵਾਪਰੇ ਘਟਨਾਕ੍ਰਮ ਨੂੰ ਵਿਗਿਆਨਕ ਦ੍ਰਿਸ਼ਟੀਕੋਨ ਤੋਂ ਘੋਖ ਕੇ 'ਸਮੇਂ' ਦੀ ਨਵੀਂ ਹੀ ਵਿਆਖਿਆ ਕੀਤੀ ਅਤੇ ਪ੍ਰਚੱਲਿਤ ਧਾਰਮਿਕ ਧਾਰਨਾਵਾਂ ਨੂੰ ਰੱਦ ਕੀਤਾ। ਉਸ ਨੇ ਆਪਣੀ ਖੋਜ 'ਤੇ 8 ਪੁਸਤਕਾਂ ਲਿਖੀਆਂ ਜਿਨ੍ਹਾਂ ਵਿੱਚੋਂ ਪੁਸਤਕ 'ਏ ਬਰੀਫ ਹਿਸਟਰੀ ਆਫ਼ ਟਾਈਮ' ਨੇ ਵਿਸ਼ਵ ਵਿੱਚ ਹਲਚਲ ਪੈਦਾ ਕਰ ਦਿੱਤੀ। ਉਸ ਦੇ ਅਨੋਖੇ ਜੀਵਨ, ਬੁੱਧੀ ਅਤੇ ਦਾਰਸ਼ਨਿਕ ਵਿਚਾਰਾਂ 'ਤੇ 14 ਫਿਲਮਾਂ ਬਣੀਆਂ। ਉਸ ਨੂੰ ਕੈਂਬਰਿਜ ਯੂਨੀਵਰਸਿਟੀ ਵਿੱਚ ਵਿਸ਼ਵ ਦੇ ਵਕਾਰੀ ਅਹੁਦੇ ,'ਲੁਕੈਸੀਅਨ ਪ੍ਰੋਫੈਸਰ ਆਫ਼ ਮੈਥੇਮੈਟਿਕਸ' 'ਤੇ ਕੰਮ ਕਰਨ ਦਾ ਮਾਣ ਪ੍ਰਾਪਤ ਹੋਇਆ। ਉਹ ਸਭ ਤੋਂ ਛੋਟੀ ਉਮਰ ਦਾ ਰਾਇਲ ਸੋਸਾਇਟੀ ਦਾ ਫੈਲੋ ਬਣਿਆਂ ਅਤੇ ਅੰਤ ਵਿੱਚ ਕੈਂਬਰਿਜ ਯੂਨੀਵਰਸਿਟੀ ਵਿੱਚ ਡਾਇਰੈਕਟਰ ਆਫ਼ ਰਿਸਰਚ ਅਤੇ ਡਿਪਾਰਟਮੈਂਟ ਆਫ਼ ਅਪਲਾਈਡ ਮੈਥੇਮੈਟਿਕਸ ਅਤੇ ਥਿਊਰੈਟੀਕਲ ਫਿਜ਼ਿਕਸ ਦਾ ਮੁਖੀ ਦੇ ਅਹੁਦੇ 'ਤੇ ਤਾਇਨਾਤ ਹੋਇਆ। ਉਹ ਆਪਣੇ ਅੰਤਲੇ ਸਮੇਂ ਤੱਕ ਕਾਰਜਸ਼ੀਲ ਰਿਹਾ ਅਤੇ ਆਪਣੇ ਨਵੇਕਲੇ ਵਿਚਾਰਾਂ ਦੀ ਪ੍ਰੋੜਤਾ ਕਰਦਾ ਰਿਹਾ।) - ਸੰਪਾਦਕ

"ਵਿਗਿਆਨ ਨੇ ਹੁਣ ਧਰਮ ਦੇ ਖੇਤਰ ਨਾਲ ਸਬੰਧਿਤ ਸਮਝੇ ਜਾਂਦੇ ਪ੍ਰਸ਼ਨਾਂ-'ਅਸੀਂ ਇਸ ਦੁਨੀਆਂ ਵਿੱਚ ਕੀ ਕਰਨ ਆਏ ਹਾਂ ਅਤੇ ਅਸੀਂ ਕਿੱਥੋਂ ਆਏ ਹਾਂ'? ਆਦਿ ਦਾ ਉੱਤਰ ਦੇਣਾ ਵੀ ਸ਼ੁਰੂ ਕਰ ਦਿੱਤਾ ਹੈ। ਬਹੁਤ ਪਹਿਲਾਂ ਇਨ੍ਹਾਂ ਪ੍ਰਸ਼ਨਾਂ ਦਾ ਇੱਕ ਹੀ ਉੱਤਰ ਹੁੰਦਾ ਸੀ ਕਿ ਇਸ ਸ੍ਰਿਸ਼ਟੀ ਦਾ ਕਰਤਾਧਰਤਾ ਰੱਬ ਹੈ। ਉਸ ਸਮੇਂ ਦੁਨੀਆਂ ਨੂੰ ਇੱਕ ਡਰਾਉਣਾ ਸਥਾਨ ਮੰਨਿਆਂ ਜਾਂਦਾ ਸੀ, ਜਿਸ 'ਤੇ ਵਾਪਰਨ ਵਾਲੀਆਂ; ਆਸਮਾਨੀ ਬਿਜਲੀ, ਤੁਫ਼ਾਨਾਂ ਅਤੇ ਗ੍ਰਹਿਣਾਂ ਜਿਹੀਆਂ ਕੁਦਰਤੀ ਘਟਨਾਵਾਂ ਨੂੰ ਡਰਾਉਣੀਆਂ ਅਤੇ ਅਲੌਕਿਕ ਸਮਝਿਆ ਜਾਂਦਾ ਸੀ। ਹੁਣ ਵਿਗਿਆਨ ਨੇ ਇਨ੍ਹਾਂ ਕੁਦਰਤੀ ਘਟਨਾਵਾਂ ਦਾ ਬਿਹਤਰ ਅਤੇ ਸਪਸ਼ਟ ਉੱਤਰ ਦੇਣਾ ਸ਼ੁਰੂ ਕਰ ਦਿੱਤਾ ਹੈ ਪਰ ਲੋਕ ਅਜੇ ਵੀ ਧਾਰਮਿਕ ਉੱਤਰਾਂ ਨਾਲ ਬੱਝੇ ਹੋਏ ਹਨ ਕਿਉਂਕਿ ਇਹ ਆਸਾਨੀ ਨਾਲ ਸਮਝ ਵਿੱਚ ਆ ਜਾਂਦੇ ਹਨ ਜਦੋਂਕਿ ਵਿਗਿਆਨ ਨੂੰ ਸਮਝਣ ਲਈ ਵਿਸ਼ੇਸ਼ ਖੇਚਲ ਕਰਨੀ ਪੈਂਦੀ ਹੈ ਜਿਸ ਕਾਰਨ ਇਹ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੈ।



ਮੈਨੂੰ ਰੱਬ ਦੀ ਹੋਂਦ ਨਾਲ ਕੋਈ ਵਿਰੋਧ ਨਹੀਂ। ਮੈਂ ਤਾਂ ਬ੍ਰਹਿਮੰਡੀ ਘਟਨਾਵਾਂ ਨੂੰ ਸਮਝਣ ਲਈ ਕਿਸੇ ਤਰਕਸ਼ੀਲ ਢਾਂਚੇ ਦੀ ਖੋਜ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਜੇ ਤੁਸੀਂ ਵਿਗਿਆਨ ਵਿੱਚ ਯਕੀਨ ਕਰਦੇ ਹੋ ਤਾਂ ਸਮਝਦੇ ਹੋ ਕਿ ਇਹ ਕੁਦਰਤ ਕੁੱਝ ਨਿਯਮਾਂ ਅਨੁਸਾਰ ਚੱਲਦੀ ਹੈ। ਤੁਸੀਂ ਚਾਹੋਂ ਤਾਂ ਮੰਨ ਸਕਦੇ ਹੋ ਕਿ ਇਹ ਨਿਯਮ ਰੱਬ ਦੇ ਬਣਾਏ ਹੋਏ ਹਨ ਪਰ ਇਹ ਰੱਬ ਦੀ ਪਰਿਭਾਸ਼ਾ ਹੈ ਨਾਂ ਕਿ ਰੱਬ ਦੀ ਹੋਂਦ ਦਾ ਕੋਈ ਸਬੂਤ। ਈਸਾ ਤੋਂ 300 ਸਾਲ ਪਹਿਲਾਂ ਯੂਨਾਨੀ ਦਾਰਸ਼ਨਿਕ ਅਰਿਸਟਾਰਕਸ ਦਾ ਧਿਆਨ, ਚੰਦ ਗ੍ਰਹਿਣ ਘਟਨਾ ਵੱਲ ਗਿਆ। ਉਸ ਨੇ ਇਸ ਘਟਨਾ ਦੇ ਦੈਵੀ ਹੋਣ 'ਤੇ ਸ਼ੰਕਾ ਜਾਹਿਰ ਕਰਦਿਆਂ ਆਕਾਸ਼ੀ ਵਸਤੂਆਂ ਦੀ ਗਤੀ ਨੂੰ ਵਿਗਿਆਨਕ ਦ੍ਰਿਸ਼ਟੀਕੋਨ ਤੋਂ ਵਾਚਿਆ। ਇਸ ਤੋਂ ਉਹ ਇਸ ਸਿੱਟੇ 'ਤੇ ਪਹੁੰਚਿਆ ਕਿ ਚੰਦ ਗ੍ਰਹਿਣ ਕੇਵਲ ਧਰਤੀ ਦਾ ਚੰਦ 'ਤੇ ਪਰਛਾਵਾਂ ਹੈ ਜਦੋਂ ਉਹ ਇਸ ਦੇ ਉੱਪਰੋਂ ਲੰਘਦੀ ਹੈ,

ਇਹ ਕੋਈ ਅਗੰਮੀ ਵਰਤਾਰਾ ਨਹੀਂ। ਇਸ ਖੋਜ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਆਸਮਾਨ ਵਿੱਚ ਘੁੰਮ ਰਹੀਆਂ ਵਸਤੂਆਂ ਦਾ ਅਧਿਐਨ ਕੀਤਾ ਅਤੇ ਇਨ੍ਹਾਂ ਦੇ ਰਸਤਿਆਂ ਦੇ ਚਿੱਤਰ ਬਣਾਏ ਜਿਨ੍ਹਾਂ ਤੋਂ ਉਸ ਨੂੰ ਸੂਰਜ, ਧਰਤੀ ਤੇ ਚੰਦ ਦੇ ਆਪਸੀ ਸਬੰਧਾਂ ਦਾ ਗਿਆਨ ਹੋਇਆ। ਇਸ ਤੋਂ ਉਸ ਦਾਰਸ਼ਨਿਕ ਨੇ ਸਿੱਟਾ ਕੱਢਿਆ ਕਿ ਧਰਤੀ ਇਸ ਬ੍ਰਹਿਮੰਡ ਦਾ ਕੇਂਦਰ ਨਹੀਂ ਹੈ ਸਗੋਂ ਇਹ ਸੂਰਜ ਦੁਆਲੇ ਘੁੰਮਦੀ ਹੈ। ਇਸ ਗਿਆਨ ਨਾਲ ਦੋਵਾਂ ਪ੍ਰਕਾਰ ਦੇ ਗ੍ਰਹਿਣਾਂ ਦੀ ਸਮਝ ਪੈ ਗਈ ਕਿ ਜਦੋਂ ਚੰਦ ਦਾ ਪਰਛਾਵਾਂ ਧਰਤੀ 'ਤੇ ਪੈਂਦਾ ਹੈ ਤਾਂ ਇਹ ਸੂਰਜ ਗ੍ਰਹਿਣ ਹੈ ਅਤੇ ਜਦੋਂ ਧਰਤੀ ਦਾ ਪਰਛਾਵਾਂ ਚੰਦ 'ਤੇ ਪੈਂਦਾ ਹੈ ਤਾਂ ਚੰਦ ਗ੍ਰਹਿਣ ਹੁੰਦਾ ਹੈ। ਇਸ ਪ੍ਰਕਾਰ ਉਸ ਨੇ ਦੱਸਿਆ ਕਿ ਬ੍ਰਹਿਮੰਡ ਇੱਕ ਮਸ਼ੀਨ ਦੀ ਤਰ੍ਹਾਂ ਹੈ ਜੋ ਸਿਧਾਤਾਂ ਜਾਂ ਨਿਯਮਾਂ ਅਧੀਨ ਚੱਲਦੀ ਹੈ ਅਤੇ ਮਨੁੱਖੀ ਦਿਮਾਗ ਇਨ੍ਹਾਂ ਨਿਯਮਾਂ ਨੂੰ ਸਮਝ ਸਕਨ ਦੇ ਯੋਗ ਹੈ।

ਮੈਨੂੰ ਵਿਸ਼ਵਾਸ ਹੈ ਕਿ ਬ੍ਰਹਿਮੰਡੀ ਨਿਯਮਾਂ ਦੀ ਖੋਜ ਮਨੁੱਖ ਦੀ ਬਹੁਤ ਅਹਿਮ ਪ੍ਰਾਪਤੀ ਹੈ ਕਿਉਂਕਿ ਇਹ ਕੁਦਰਤੀ ਨਿਯਮ ਹੀ ਸਾਨੂੰ ਦੱਸਣਗੇ ਕਿ ਬ੍ਰਹਿਮੰਡੀ ਘਟਨਾਵਾਂ ਨੂੰ ਸਮਝਣ ਲਈ ਕਿਸੇ ਰੱਬ ਦੀ ਜ਼ਰੂਰਤ ਹੈ ਜਾਂ ਨਹੀਂ। ਇਹ ਨਿਯਮ ਹੀ ਦੱਸਦੇ ਹਨ ਕਿ ਬੀਤੇ ਸਮੇਂ, ਵਰਤਮਾਨ ਅਤੇ ਭਵਿੱਖ ਵਿੱਚ ਵਸਤੂਆਂ ਕਿਵੇਂ ਕਾਰਜ ਕਰਦੀਆਂ ਹਨ। ਇਹ ਨਿਯਮ ਮਨੁੱਖੀ ਕਾਰਜਾਂ ਤੋਂ ਲੈ ਕੇ ਪੁਲਾੜੀ ਵਸਤੂਆਂ ਦੀ ਗਤੀ 'ਤੇ ਲਾਗੂ ਹੁੰਦੇ ਹਨ। ਮਨੁੱਖ ਦੇ ਬਣਾਏ ਨਿਯਮਾਂ ਦੇ ਉਲਟ ਕੁਦਰਤ ਦੇ ਨਿਯਮਾਂ ਨੂੰ ਕੋਈ ਵੀ ਸ਼ਕਤੀ ਤੋੜ-ਮੋੜ ਨਹੀਂ ਸਕਦੀ। ਇਹ ਅਟੱਲ ਹਨ। ਜੇ ਇਨ੍ਹਾਂ ਨਿਯਮਾਂ ਨੂੰ ਤੋੜਿਆ ਜਾਂ ਮੋੜਿਆ ਨਹੀਂ ਜਾ ਸਕਦਾ ਤਾਂ ਫਿਰ ਰੱਬ ਦੀ ਭੂਮਿਕਾ ਕੀ ਹੋਵੇਗੀ? ਧਾਰਮਿਕ ਅਤੇ ਵਿਗਿਆਨਕ ਵਿਚਾਰਧਾਰਵਾਂ ਵਿੱਚ ਇਹ ਹੀ ਵਿਰੋਧ ਹੈ ਜੋ ਪੁਰਾਤਨ ਸਮੇਂ ਤੋਂ ਚੱਲਿਆ ਆ ਰਿਹਾ ਹੈ। ਰੱਬ ਨੂੰ ਕੁਦਰਤੀ ਨਿਯਮਾਂ ਦਾ ਸਰੂਪ ਮੰਨਿਆਂ ਜਾ ਸਕਦਾ ਹੈ। ਪਰ ਬਹੁਤੇ ਲੋਕ ਰੱਬ ਨੂੰ ਇਸ ਪ੍ਰਕਾਰ ਨਹੀਂ ਜਾਣਦੇ। ਉਹ ਤਾਂ ਰੱਬ ਨੂੰ ਮਨੁੱਖ ਵਰਗਾ ਮੰਨਦੇ ਹਨ ਜਿਸ ਨਾਲ ਵਿਅਕਤੀਗਤ ਸਬੰਧ ਜੋੜਿਆ ਜਾ ਸਕਦਾ ਹੈ। ਮੈਂ ਵਿਗਿਆਨੀ ਆਈਂਸਟਾਈਨ ਨਾਲ ਸਹਿਮਤ ਹਾਂ ਕਿ ਕੁਦਰਤ ਦੇ ਨਿਯਮਾਂ ਨੂੰ ਜਾਨਣਾ ਹੀ ਰੱਬ ਦੇ ਮਨ ਨੂੰ ਜਾਨਣਾ ਹੈ। ਮੈਨੂੰ ਪੂਰਨ ਯਕੀਨ ਹੈ ਕਿ ਇਸ ਸਦੀ ਦੇ ਅੰਤ ਤੱਕ ਰੱਬ ਦੇ ਮਨ ਨੂੰ ਜਾਣ ਲਿਆ ਜਾਵੇਗਾ।

ਹੁਣ ਅਸੀਂ ਬ੍ਰਹਿਮੰਡ ਦੀ ਉਤਪਤੀ ਦੀ ਗੱਲ ਕਰਦੇ ਹਾਂ। ਮੇਰਾ ਵਿਚਾਰ ਹੈ ਕਿ ਬ੍ਰਹਿਮੰਡ ਨੂੰ ਬਣਾਉਣ ਲਈ ਤਿੰਨ ਚੀਜ਼ਾਂ ਦੀ ਲੋੜ ਹੈ। ਇਹ ਹਨ-ਪਦਾਰਥ, ਊਰਜਾ ਅਤੇ ਸਥਾਨ (ਸਪੇਸ)। ਬ੍ਰਹਿਮੰਡ ਦੇ ਬਣਨ ਲਈ ਇਹ ਤਿੰਨੋਂ ਚੀਜ਼ਾਂ ਕਿੱਥੋਂ ਆਈਆਂ, ਇਸ ਬਾਰੇ ਵੀਹਵੀਂ ਸਦੀ ਦੇ ਆਰੰਭ ਤੱਕ ਕੋਈ ਪਤਾ ਨਹੀਂ ਸੀ। ਇਸ ਗੁੰਝਲ ਦਾ ਹੱਲ ਮਹਾਨ ਵਿਗਿਆਨੀ ਐਲਬਰਟ ਆਈਨਸਟਾਈਨ ਨੇ 1915 ਵਿੱਚ ਕੱਢਿਆ। ਉਸ ਨੇ ਦੱਸਿਆ ਕਿ ਪਦਾਰਥ ਅਤੇ ਊਰਜਾ ਇੱਕੋ ਹੀ ਚੀਜ਼ ਹਨ ਕਿਉਂਕਿ ਇਹ ਇੱਕ ਦੂਜੇ ਵਿੱਚ ਪਰਵਰਤਨਸ਼ੀਲ ਹਨ। ਇਸ ਪ੍ਰਕਾਰ ਬ੍ਰਹਿਮੰਡ ਦੇ ਬਣਨ ਲਈ ਕੋਈ ਦੋ ਚੀਜ਼ਾਂ ਭਾਵ ਊਰਜਾ ਅਤੇ ਸਥਾਨ (ਸਪੇਸ) ਦੀ ਜ਼ਰੂਰਤ ਹੈ। ਇਹ ਦੋ ਚੀਜ਼ਾਂ ਕਿੱਥੋਂ ਆਈਆਂ? ਇਸ ਦਾ ਜਵਾਬ ਵਿਗਿਆਨੀਆਂ ਨੇ ਦਹਾਕਿਆਂਬੱਧੀ ਖੋਜ ਕਰਕੇ ਲੱਭਿਆ। ਉਨ੍ਹਾਂ ਨੇ ਦੱਸਿਆ ਕਿ ਇਹ ਦੋਵੇਂ ਚੀਜ਼ਾਂ ਇੱਕ ਬਹੁਤ ਵੱਡੀ ਘਟਨਾ, 'ਬਿੱਗ ਬੈਂਗ' ਦੇ ਵਾਪਰਨ ਸਮੇਂ ਇਕੱਠੀਆਂ ਹੀ ਪੈਦਾ ਹੋਈਆਂ। ਕਈਆਂ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਰੱਬ ਨੇ ਊਰਜਾ ਅਤੇ ਸਥਾਨ ਪੈਦਾ ਕੀਤੇ ਪਰ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਦੋਵੇਂ " ਕੁੱਝ ਨਹੀ (Nothing)'" ਵਿੱਚੋਂ ਪੈਦਾ ਹੋਏ। ਇਸ ਗੁੰਝਲ ਨੂੰ ਸਮਝਣ ਲਈ ਕੁਦਰਤ ਦੇ ਇੱਕ ਹੋਰ ਨਿਯਮ ਨੂੰ ਸਮਝਣਾ ਜ਼ਰੂਰੀ ਹੈ। ਫਰਜ ਕਰੋ ਕੋਈ ਵਿਅਕਤੀ ਸਮਤਲ ਜ਼ਮੀਨ (ਕੁੱਝ ਨਹੀਂ) 'ਤੇ ਪਹਾੜੀ ਉਸਾਰਨੀ ਚਾਹੁੰਦਾ ਹੈ ਤਾਂ ਉਹ ਮਿੱਟੀ ਪੁਟ ਕੇ ਢੇਰ ਲਗਾਉਂਦਾ ਹੈ ਜਿਸ ਨਾਲ ਡੂੰਘੀ ਖਾਈ ਬਣ ਜਾਂਦੀ ਹੈ। ਇਸ ਪ੍ਰਕਾਰ ਜੇ ਪੱਧਰੀ ਜ਼ਮੀਨ 'ਤੇ ਇੱਕ ਪਾਸੇ ਪਹਾੜੀ ਉੱਸਰਦੀ ਹੈ ਤਾਂ ਨਾਲ ਹੀ ਖਾਈ ਵੀ ਬਣਦੀ ਹੈ। ਇਸ ਦਾ ਭਾਵ ਹੈ ਕਿ ਸਮਤਲ ਜ਼ਮੀਨ ਵਿੱਚੋਂ ਪਹਾੜੀ ਪੈਦਾ ਕਰਨ ਲਈ ਖਾਈ ਦਾ ਬਣਨਾ ਜ਼ਰੂਰੀ ਹੈ। ਜੇ ਪਹਾੜੀ ਦੀ ਮਿੱਟੀ ਨੂੰ ਖਾਈ ਵਿੱਚ ਮੁੜ ਪਾ ਦਿੱਤਾ ਜਾਵੇ ਤਾਂ ਸਮਤਲ ਜ਼ਮੀਨ ਬਣ ਜਾਂਦੀ ਹੈ। ਇਸ ਪ੍ਰਕਾਰ ਹੀ ਬਿੱਗ ਬੈਂਗ ਘਟਨਾ ਵੇਲੇ ਜਦੋਂ ਧਨਾਤਮਿਕ ਊਰਜਾ ਪੈਦਾ ਹੋਈ ਤਾਂ ਨਾਲ ਹੀ ਉੱਨੀ ਹੀ ਮਾਤਰਾ ਵਿੱਚ ਰਿਣਾਤਮਿਕ ਊਰਜਾ ਨੇ ਜਨਮ ਲਿਆ। ਜੇ ਇਨ੍ਹਾਂ ਦੋਵੇਂ ਤਰ੍ਹਾਂ ਦੀਆਂ ਊਰਜਾਵਾਂ ਨੂੰ ਜੋੜ ਦਿੱਤਾ ਜਾਵੇ ਤਾਂ ਨਤੀਜਾ ਸਿਫਰ (ਕੁੱਝ ਨਹੀਂ) ਹੋਵੇਗਾ। ਇਹ ਵੀ ਕੁਦਰਤ ਦਾ ਨਿਯਮ ਹੈ। ਪ੍ਰਸ਼ਨ ਉੱਠਦਾ ਹੈ ਕਿ ਇਹ ਰਿਣਾਤਮਿਕ ਊਰਜਾ ਬ੍ਰਹਿਮੰਡ ਵਿੱਚ ਕਿੱਥੇ ਹੈ? ਇਸ ਦਾ ਉਤਰ ਹੈ ਕਿ ਇਹ ਪੁਲਾੜ ਵਿੱਚ ਹਰ ਜਗ੍ਹਾ ਮੌਜੂਦ ਹੈ। ਇਸ ਨੂੰ ਕੁਦਰਤ ਦਾ ਜਾਣਿਆਂ ਪਛਾਣਿਆਂ 'ਗੁਰੂਤਾ ਅਤੇ ਗਤੀ ਦਾ ਨਿਯਮ' ਬਿਆਨ ਕਰਦਾ ਹੈ। ਸਾਰਾ ਬ੍ਰਹਿਮੰਡ ਇੱਕ ਵਿਸ਼ਾਲ ਬੈਟਰੀ ਦੀ ਤਰ੍ਹਾਂ ਹੈ ਜਿਸ ਵਿੱਚ ਰਿਣਾਤਮਿਕ ਊਰਜਾ ਜਮ੍ਹਾਂ ਪਈ ਹੈ ਅਤੇ ਧਨਾਤਮਿਕ ਊਰਜਾ ਕਾਰਜਸ਼ੀਲ ਹੈ। ਜਦੋਂ ਬ੍ਰਹਿਮੰਡ ਦੀਆਂ ਦੋਵੇਂ ਪ੍ਰਕਾਰ ਦੀਆਂ ਊਰਜਾਵਾਂ ਦਾ ਜੋੜ 'ਕੁੱਝ ਨਹੀਂ' ਬਣਦਾ ਹੈ ਤਾਂ ਬ੍ਰਹਿਮੰਡ ਨੂੰ ਪੈਦਾ ਕਰਨ ਲਈ ਰੱਬ ਦੀ ਕੀ ਲੋੜ ਹੈ? ਬ੍ਰਹਿਮੰਡ ਤਾਂ ਕੁਦਰਤ ਦੇ ਨਿਯਮਾਂ ਅਨੁਸਾਰ ਆਪਣੇ ਆਪ ਹੀ ਬਣਨ ਲਈ ਸਮਰੱਥ (ਆਜ਼ਾਦ) ਹੈ।

ਪਿਛਲੇ ਸੌ ਸਾਲਾਂ ਵਿੱਚ ਅਸੀਂ ਬ੍ਰਹਿਮੰਡ ਨੂੰ ਸਮਝਣ ਵਿੱਚ ਹੈਰਾਨੀਜਨਕ ਤਰੱਕੀ ਕੀਤੀ ਹੈ। ਹੁਣ ਅਸੀਂ ਕੁਦਰਤ ਦੇ ਵਰਤਾਰਿਆਂ ਦੇ ਨਿਯਮਾਂ, ਬ੍ਰਹਿਮੰਡ ਦੀ ਉਤਪਤੀ ਜਾਂ ਬਲੈਕ ਹੋਲ ਨੂੰ ਜਾਣਦੇ ਹਾਂ। ਬ੍ਰਹਿਮੰਡ ਦੇ ਜਨਮ ਵੇਲੇ, 'ਸਮੇਂ' ਵਲੋਂ ਨਿਭਾਈ ਭੂਮਿਕਾ ਦੀ ਸਮਝ ਨਾਲ ਸਿਰਜਣਹਾਰੇ ਦੀ ਹੋਂਦ ਦੀ ਜ਼ਰੂਰਤ ਨਹੀਂ ਰਹੇਗੀ। ਜੇ ਅਸੀਂ ਬਿੱਗ ਬੈਂਗ ਦੇ ਸਮੇਂ ਵੱਲ ਧਿਆਨ ਕਰੀਏ ਤਾਂ ਪਤਾ ਲੱਗੇਗਾ ਕਿ ਬ੍ਰਹਿਮੰਡ

ਛੋਟੇ ਤੋ ਛੋਟਾ ਹੁੰਦਾ ਗਿਆ ਅਤੇ ਅੰਤ ਵਿੱਚ ਇਹ ਅਤਿ ਸੰਘਣੇ ਬਲੈਕ ਹੋਲ ਦੇ ਰੂਪ ਵਿੱਚ ਇੱਕ ਬਿੰਦੂ ਤੱਕ ਸਿਮਟ ਗਿਆ। ਬਲੈਕ ਹੋਲ ਇੱਕ ਅਤਿ ਦਾ ਭਾਰਾ ਮੁਰਦਾ ਤਾਰਾ ਹੁੰਦਾ ਹੈ ਜਿਸ ਦੀ ਗੁਰੂਤਾ ਖਿੱਚ ਇੰਨੀ ਜ਼ਿਆਦਾ ਹੁੰਦੀ ਹੈ ਉਸ ਪਾਸੋਂ ਲੰਘਣ ਵਾਲੀ ਹਰ ਵਸਤੂ ਨੂੰ ਆਪਣੇ ਵੱਲ ਖਿੱਚਕੇ ਆਪਣੇ ਅੰਦਰ ਹੀ ਸਮੋ ਲੈਂਦਾ ਹੈ। ਹੋਰ ਤਾਂ ਹੋਰ ਪ੍ਰਕਾਸ਼ ਵੀ ਇਸ ਦੇ ਲਾਗਿਓਂ ਨਹੀਂ ਲੰਘ ਸਕਦਾ। ਇਸ ਹਾਲਤ ਵਿੱਚ 'ਸਮਾਂ' ਵੀ ਰੁਕ ( ਖਤਮ ਹੋ) ਜਾਂਦਾ ਹੈ। ਬਿੱਗ ਬੈਂਗ ਦੇ ਵਾਪਰਨ ਤੋਂ ਬਾਅਦ ਹੀ 'ਸਮਾਂ' ਮੁੜ ਕੇ ਆਰੰਭ ਹੋਇਆ। ਤੁਸੀਂ ਬਿੱਗ ਬੈਂਗ ਤੋਂ ਪਹਿਲਾਂ ਦੇ ਸਮੇਂ ਤੱਕ ਨਹੀਂ ਪੁੱਜ ਸਕਦੇ ਕਿਉਂਕਿ ਉਦੋਂ ਸਮਾਂ ਹੈ ਹੀ ਨਹੀਂ ਸੀ। ਹੁਣ ਅਸੀਂ ਜਾਣ ਗਏ ਹਾਂ ਕਿ ਇਸ ਸਥਿਤੀ ਦਾ ਕੋਈ ਕਾਰਨ( Cause) ਨਹੀਂ ਸੀ ਕਿਉਂਕਿ ਇਸ ਦੇ ਵਾਪਰਨ ਲਈ ਕੋਈ ਸਮਾਂ ਨਹੀਂ ਸੀ। ਮੇਰਾ ਮੰਨਣਾ ਹੈ ਕਿ ਬ੍ਰਹਿਮੰਡ ਦੇ ਰਚਣਹਾਰੇ ਦੇ ਹੋਣ ਦੀ ਕੋਈ ਸੰਭਾਵਨਾ ਨਹੀਂ ਕਿਉਂਕਿ ਉਸ ਦੀ ਮੌਜੂਦਗੀ ਲਈ ਕੋਈ ਸਮਾਂ ਨਹੀਂ ਸੀ।

ਜਦੋਂ ਲੋਕ ਮੈਨੂੰ ਪੁੱਛਦੇ ਹਨ ਕਿ ਕੀ ਬ੍ਰਹਿਮੰਡ ਨੂੰ ਰੱਬ ਨੇ ਬਣਾਇਆ ਤਾਂ ਮੇਰਾ ਜਵਾਬ ਹੁੰਦਾ ਹੈ ਕਿ ਇਹ ਪ੍ਰਸ਼ਨ ਹੀ ਬੇਮਾਇਨਾ ਹੈ। ਬਿੱਗ ਬੈਂਗ ਤੋਂ ਪਹਿਲਾਂ ਸਮਾਂ ਮੌਜੂਦ ਨਹੀਂ ਸੀ, ਇਸ ਲਈ ਬ੍ਰਹਿਮੰਡ ਨੂੰ ਪੈਦਾ ਕਰਨ ਲਈ ਰੱਬ ਪਾਸ ਕੋਈ ਸਮਾਂ ਨਹੀਂ ਸੀ। ਇਹ ਪ੍ਰਸ਼ਨ ਤਾਂ ਇਸ ਪ੍ਰਸ਼ਨ ਵਰਗਾ ਹੈ ਕਿ ਧਰਤੀ ਦਾ ਕਿਨਾਰਾ ਕਿਸ ਦਿਸ਼ਾ ਵਿੱਚ ਹੈ। ਧਰਤੀ ਗੋਲ ਹੋਣ ਕਾਰਨ ਇਸ ਦਾ ਕੋਈ ਕਿਨਾਰਾ ਨਹੀਂ ਤਾਂ ਇਸ ਦੀ ਦਿਸ਼ਾ ਪੁੱਛਣੀ ਅਰਥਹੀਣ ਹੈ।

ਅਸੀਂ ਸਾਰੇ ਹੀ ਆਪਣੀ ਸਮਝ ਅਨੁਸਾਰ ਵਿਸ਼ਵਾਸ ਕਰਨ ਲਈ ਆਜ਼ਾਦ ਹਾਂ ਪਰ ਮੇਰਾ ਵਿਚਾਰ ਹੈ ਕਿ ਕੋਈ ਰੱਬ ਨਹੀਂ ਹੈ। ਕਿਸੇ ਨੇ ਵੀ ਬ੍ਰਹਿਮੰਡ ਦੀ ਰਚਨਾ ਨਹੀਂ ਕੀਤੀ ਅਤੇ ਕੋਈ ਵੀ ਸਾਡੀ ਕਿਸਮਤ ਘੜਨ ਵਾਲਾ ਨਹੀਂ। ਇਸ ਤੋਂ ਮੈਨੂੰ ਅਨੁਭਵ ਹੁੰਦਾ ਹੈ ਕਿ ਨਾ ਕੋਈ ਸਵਰਗ ਹੈ ਅਤੇ ਨਾ ਹੀ ਦੂਜਾ ਜਨਮ। ਮੈਨੂੰ ਜਾਪਦਾ ਹੈ ਕਿ ਪੁਨਰ ਜਨਮ ਕੇਵਲ ਇੱਕ ਆਸ਼ਾਵਦੀ ਧਾਰਨਾ ਹੈ। ਇਸ ਦੀ ਮੌਜੂਦਗੀ ਦਾ ਕੋਈ ਵਿਸ਼ਵਾਸਯੋਗ ਪ੍ਰਮਾਣ ਨਹੀਂ ਹੈ ਅਤੇ ਵਿਗਿਆਨ ਦੀਆਂ ਨਵੀਆਂ ਕਾਢਾਂ ਨੇ ਸਭ ਕੁੱਝ ਝੁਠਲਾ ਦਿੱਤਾ ਹੈ। ਮੇਰਾ ਵਿਸ਼ਵਾਸ ਹੈ ਕਿ ਮਰਨ ਤੋਂ ਬਾਅਦ ਅਸੀਂ ਧੂੜ ਵਿੱਚ ਮਿਲ ਜਾਂਦੇ ਹਾਂ। ਪਰ ਵਰਤਮਾਨ ਜੀਵਨ ਅਰਥਭਰਪੂਰ ਹੈ ਅਤੇ ਸਾਡੇ ਜੀਨਜ਼ ਸਾਡੇ ਬੱਚਿਆਂ ਵਿੱਚ ਚਲੇ ਜਾਂਦੇ ਹਨ। ਅਸੀਂ ਸਾਰੇ ਭਵਿੱਖ ਵੱਲ ਜਾਣ ਵਾਲੇ ਸਮਾਂ-ਯਾਤਰੂ ਹਾਂ। ਆਓ ਇਸ ਭਵਿੱਖ ਨੂੰ ਜਿਉਣਯੋਗ ਬਣਾਉਣ ਲਈ ਰਲਮਿਲ ਕੇ ਕੰਮ ਕਰੀਏ। ਬਹਾਦਰ ਬਣੋ ਅਤੇ ਮੁਸ਼ਕਲਾਂ ਨੂੰ ਦੂਰ ਕਰਨ ਦਾ ਨਿਸ਼ਚਾ ਕਰੋ। ਇਹ ਸੰਭਵ ਹੈ"।

❊ ❊ ❊ ❊ ❊

## ਕੁਦਰਤ ਦੀ ਅਨੰਤਤਾ

- ਚੰਦ ਦੀ ਧਰਤੀ ਦੁਆਲੇ ਘੁੰਮਣ ਦੀ ਔਸਤ ਗਤੀ= 3 ਹਜ਼ਾਰ, 679 ਕਿਲੋਮੀਟਰ/ਘੰਟਾ
- ਧਰਤੀ ਦੀ ਚੰਨ ਸਮੇਤ ਸੂਰਜ ਦੁਆਲੇ ਘੁੰਮਣ ਦੀ ਔਸਤ ਗਤੀ= 1 ਲੱਖ,7 ਹਜ਼ਾਰ, 8 ਸੌ ਕਿਲੋਮੀਟਰ/ਘੰਟਾ
- ਸੂਰਜ ਦੀ ਧਰਤੀ ਸਮੇਤ ਅਕਾਸ਼ ਗੰਗਾ ਗਲੈਕਸੀ ਦੁਆਲੇ ਘੁੰਮਣ ਦੀ ਔਸਤ ਗਤੀ= 8 ਲੱਖ, 28 ਹਜ਼ਾਰ ਕਿਲੋਮੀਟਰ/ਘੰਟਾ
- ਅਕਾਸ਼ ਗੰਗਾ ਗਲੈਕਸੀ ਦੀ ਸੂਰਜ ਤੇ ਹੋਰ ਤਾਰਿਆਂ ਸਮੇਤ ਬ੍ਰਹਿਮੰਡ ਦੁਆਲੇ ਘੁੰਮਣ ਦੀ ਔਸਤ ਗਤੀ= 21 ਲੱਖ ਕਿਲੋਮੀਟਰ/ਘੰਟਾ
- ਬ੍ਰਹਿਮੰਡ ਦੇ ਫੈਲਣ ਦੀ ਗਤੀ= 2 ਲੱਖ, 44 ਹਜ਼ਾਰ, 8 ਸੌ ਕਿਲੋਮੀਟਰ/ਘੰਟਾ
- **ਇਨ੍ਹਾਂ ਬ੍ਰਹਿਮੰਡੀ ਗਤੀਆਂ ਦਾ ਮੁਕਾਬਲਾ ਮਨੁੱਖੀ ਸਿਆਣਪ (ਵਿਗਿਆਨ) ਨਾਲ ਬਣਾਈਆਂ ਮਸ਼ੀਨਾਂ ਨਾਲ ਕਰ ਕੇ ਦੇਖੋ।**

❊ ❊ ❊ ❊ ❊



## ਕਵਿਤਾ-ਮੇਰੀਆਂ ਭੂਆਂ

ਹਰਜੋਤ ਸਿੰਘ, ਬ੍ਰਿਸਬਨ

ਦਾਦੀ ਜੀ ਦੀ ਸੁੱਚੀ ਕੁੱਖ ਨੂੰ,
ਭਾਗ ਲਗਾਇਆ ਮੇਰੀਆਂ ਭੂਆਂ।
ਦਾਦਾ ਜੀ ਦੀ ਚਿੱਟੀ ਪੱਗ ਨੂੰ,
ਦਾਗ ਨਾ ਲਾਇਆ ਮੇਰੀਆਂ ਭੂਆਂ।
ਪਿਉ ਮੇਰੇ ਦੇ ਮੋਢੇ ਦੇ ਨਾਲ,
ਮੋਢਾ ਜੋੜ ਕੇ ਖੜ੍ਹੀਆਂ ਭੂਆਂ।
ਮਾਂ ਮੇਰੀ ਨੂੰ ਨਿੱਘੇ ਪਿਆਰ ਨਾਲ,
ਘੁੱਟ ਘੁੱਟ ਜੱਫੀਆਂ ਪਾਉਂਦੀਆਂ ਭੂਆਂ।
ਭੈਣ ਮੇਰੀ ਲਈ ਸਾਕ ਲੱਭ ਕੇ,
ਆਪਣਾ ਫਰਜ਼ ਨਿਭਾਇਆ ਭੂਆਂ।
ਹਜ਼ਾਰਾਂ ਦੀ ਥਾਂ ਲੱਖਾਂ ਦੇ ਕੇ,
ਮੈਨੂੰ ਵਿਦੇਸ਼ੀਂ ਤੋਰਿਆ ਭੂਆਂ।
ਪੇਕੇ ਹੁੰਦੇ ਮਾਵਾਂ ਦੇ ਨਾਲ,
ਇਹ ਕਦੇ ਕਹਿਣ ਨਾ ਮੇਰੀਆਂ ਭੂਆਂ।
ਖੁਸ਼ੀ ਗ਼ਮੀ ਤਿਉਹਾਰਾਂ ਵੇਲੇ,
ਸਭ ਤੋਂ ਪਹਿਲਾਂ ਆਉਂਦੀਆਂ ਭੂਆਂ।
ਮਠਿਆਈਆਂ ਦੇ ਡੱਬੇ ਲਿਆਉਣ,
ਜਦ ਵੀ ਪੇਕੇ ਆਉਣ ਭੂਆਂ।
ਹੋਰ ਕੁੱਝ ਚਾਹੀਦਾ ਤਾਂ ਦੱਸ ਦੇਣਾ,
ਜਾਣ ਲੱਗਿਆਂ ਕਹਿ ਜਾਂਦੀਆਂ ਭੂਆਂ।
'ਹਰਜੋਤ ਸਿੰਘ' ਅਰਦਾਸ ਹੈ ਕਰਦਾ,
ਮੁੜ-ਮੁੜ ਬਣੋਂ ਤੁਸੀਂ ਮੇਰੀਆਂ ਭੂਆਂ।



## ਸਫਲ ਸੈਣੀ ਸਖਸ਼ੀਅਤਾਂ

**ਬਲਬੀਰ ਸਿੰਘ ਸੈਣੀ**
**ਸੈਣੀ ਭਵਨ, ਰੂਪਨਗਰ**

### ਇੰਜ.ਰਵਿੰਦਰ ਸਿੰਘ ਸੈਣੀ

ਪੰਜਾਬ ਸਰਕਾਰ ਨੇ ਇੰਜ. ਰਵਿੰਦਰ ਸਿੰਘ ਸੈਣੀ ਨੂੰ ਪੰਜ ਸਾਲ ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦਾ ਮੈਂਬਰ ਨਿਯੁਕਤ ਕਰ ਕੇ ਸਾਰੀ ਸੈਣੀ ਬਰਾਦਰੀ ਦਾ ਮਾਣ ਵਧਾਇਆ ਹੈ। ਇਹ ਕਮਿਸ਼ਨ ਸੂਬੇ ਵਿੱਚ ਬਿਜਲੀ ਦੀਆਂ ਦਰਾਂ ਨੂੰ ਨਿਯਤ ਕਰਦਾ ਹੈ ਜਿਸ ਕਾਰਨ ਬਹੁਤ ਅਹਿਮੀਅਤ ਰਖਦਾ ਹੈ। ਰੂਪਨਗਰ ਜ਼ਿਲ੍ਹੇ ਦੇ ਪਿੰਡ ਤਾਲਾਪੁਰ ਦੇ ਨਿਵਾਸੀ ਸ. ਅਜਮੇਰ ਸਿੰਘ ਅਤੇ ਸ਼੍ਰੀਮਤੀ ਮੋਹਣ ਕੌਰ ਦੇ ਘਰ 1 ਜੁਲਾਈ, 1965 ਨੂੰ ਜਨਮੇ ਇਸ ਹੋਣਹਾਰ ਇੰਜਨੀਅਰ ਨੇ ਮੁਢਲੀ ਸਿੱਖਿਆ ਖਾਲਸਾ ਸਕੂਲ ਲਾਜਪਤ ਨਗਰ ਅਤੇ ਸਰਕਾਰੀ ਮਾਡਲ ਸਕੂਲ ਵਿਵੇਕ ਵਿਹਾਰ ਦਿੱਲੀ ਤੋਂ ਹਾਸਲ ਕੀਤੀ। ਉਹ ਪੜ੍ਹਨ ਵਿੱਚ ਹੁਸ਼ਿਆਰ ਸੀ ਜਿਸ ਸਦਕਾ 1986 ਵਿੱਚ ਰਿਜਨਲ ਇੰਜਨੀਅਰਿੰਗ ਕਾਲਜ (ਐਨ.ਆਈ.ਟੀ) ਰੁੜਕੇਲਾ ਤੋਂ ਬੀ.ਐਸ.ਸੀ ਇੰਜਨੀਅਰਿੰਗ ਦੀ ਡਿਗਰੀ ਵਧੀਆਂ ਅੰਕਾਂ ਨਾਲ ਪ੍ਰਾਪਤ ਕੀਤੀ। ਉਸ ਨੇ 6 ਮਈ, 1987 ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ( ਪੰਜਾਬ ਬਿਜਲੀ ਬੋਰਡ) ਵਿੱਚ ਸਹਾਇਕ ਇੰਜਨੀਅਰ ਵਜੋਂ ਅਹੁਦਾ ਸੰਭਾਲਿਆ ਅਤੇ ਫਿਰ ਇਮਾਨਦਾਰੀ ਤੇ ਮਿਹਨਤ ਨਾਲ ਸੇਵਾ ਨਿਭਾਉਂਦਿਆਂ ਇੰਜਨੀਅਰ ਇੰਨ ਚੀਫ ਦੇ ਅਹੁਦੇ ਤੱਕ ਪਹੁੰਚਣ ਵਿੱਚ ਸਫਲਤਾ ਹਾਸਲ ਕੀਤੀ। ਉਸ ਨੇ ਰੋਪੜ ਅਤੇ ਲਾਲੜੂ ਵਿਖੇ ਕਾਰਜਕਾਰੀ ਇੰਜਨੀਅਰ, ਸੀਨੀਅਰ ਐਕਸੀਅਨ ਇੰਨਫੋਰਸਮੈਂਟ, ਟੈਕਨੀਕਲ ਆਡਿਟ ਮੋਹਾਲੀ, ਐਸ.ਈ. ਵੰਡ ਸਰਕਲ ਖੰਨਾਂ, ਮੋਹਾਲੀ ਵਿਖੇ ਚੀਫ ਇੰਜਨੀਅਰ ਡਿਸਟਰੀਬਿਊਸ਼ਨ ਸਾਊਥ ਜੋਨ ਅਤੇ ਚੀਫ ਇੰਜਨੀਅਰ ਟੀ ਏ ਐਂਡ ਆਈ ਅਤੇ ਚੀਫ ਇੰਜਨੀਅਰ ਇੰਨਫਰਮੇਸ਼ਨ ਟੈਕਨਾਲੋਜੀ ਜਿਹੇ ਵਕਾਰੀ ਤੇ ਜ਼ਿੰਮੇਵਾਰੀ ਵਾਲੇ ਅਹੁਦਿਆਂ 'ਤੇ ਕੰਮ ਕਰ ਕੇ ਨਾਮਣਾ ਖੱਟਿਆ। ਆਪ ਨੇ 1 ਮਾਰਚ, 2023 ਤੋਂ 28 ਮਾਰਚ ਤੱਕ ਬਤੌਰ ਡਾਇਰੈਕਟਰ ਕਮਰਸ਼ੀਅਲ ਅਤੇ ਡਾਇਰੈਕਟਰ ਐਚ.ਆਰ. ਦੀਆਂ ਜ਼ਿੰਮੇਵਾਰੀਆਂ ਨਿਭਾਈਆਂ। ਆਪ ਨੂੰ ਬਿਜਲੀ ਮਹਿਕਮੇ ਵਿੱਚ ਇੱਕ ਦੂਰਅੰਦੇਸ਼ੀ ਅਤੇ ਪ੍ਰਭਾਵਸ਼ਾਲੀ ਪ੍ਰਸ਼ਾਸਕ ਵਜੋਂ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ। ਉਸ ਦੀਆਂ ਨਿਰੰਤਰ ਕੋਸ਼ਿਸ਼ਾਂ ਸਦਕਾ ਕਿਸਾਨਾਂ ਨੂੰ ਝੋਨੇ ਦੀ ਫਸਲ ਸਮੇਂ ਅਤੇ ਆਮ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲਦੀ ਰਹੀ। ਇਸ ਲਈ ਆਪ ਨੇ ਲੋੜੀਂਦੇ ਬੁਨਿਆਦੀ ਢਾਂਚੇ ਦੀ ਉਸਾਰੀ 'ਤੇ ਜ਼ੋਰ ਦਿੱਤਾ। ਇੰਜਨੀਅਰ ਸੈਣੀ ਨੇ ਜ਼ਿਲ੍ਹਾ ਮੋਹਾਲੀ ਵਿੱਚ ਬਿਜਲੀ ਦੀ ਸਪਾਲਾਈ ਵਿੱਚ ਸੁਧਾਰ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ। ਆਪ ਦੀ ਸਿਆਣਪ ਅਤੇ ਸੂਝ ਸਦਕਾ ਮੋਹਾਲੀ ਵਿੱਚ ਸਮਾਰਟ ਬਿਜਲੀ ਮੀਟਰਾਂ ਦੀ ਸ਼ੁਰੂਆਤ ਹੋ ਸਕੀ ਜਿਸ ਨਾਲ ਖਪਤਕਾਰਾਂ ਨੂੰ ਆਪਣੀ ਰੋਜ਼ਾਨਾ ਬਿਜਲੀ ਦੀ ਖਪਤ ਦੀ ਨਿਗਰਾਨੀ ਕਰਨ ਅਤੇ ਬਿਲਾਂ ਦੀ ਅਦਾਇਗੀ ਫੋਨ ਰਾਹੀ ਕਰਨ ਦੀ ਸਹੂਲਤ ਮਿਲੀ। ਬੰਦ ਪਏ ਪ੍ਰਾਈਵੇਟ ਬਿਜਲੀ ਥਰਮਲ ਪਲਾਂਟ ਗੋਇੰਦਵਾਲ ਨੂੰ ਪੰਜਾਬ ਸਰਕਾਰ ਵਲੋਂ ਖਰੀਦੇ ਜਾਣਾ ਆਪ ਦੀ ਸਖਤ ਮਿਹਨਤ ਅਤੇ ਦੂਰਦ੍ਰਿਸ਼ਟੀ ਦਾ ਨਤੀਜਾ ਸੀ। ਇਸ ਇਤਿਹਾਸਕ ਕਾਰਜ ਸਦਕਾ ਪੰਜਾਬ ਸਰਕਾਰ ਦਾ ਵਕਾਰ ਵਧਿਆ।



ਪੰਜਾਬ ਸਰਕਾਰ ਨੇ ਇੰਜ. ਰਵਿੰਦਰ ਸਿੰਘ ਸੈਣੀ ਦੀ ਸਿਆਣਪ, ਮਿਹਨਤ ਤੇ ਇਮਾਨਦਾਰੀ ਦੀ ਕਦਰ ਕਰਦਿਆਂ ਇਹ ਅਹੁਦਾ ਸੌਂਪਿਆ ਹੈ। ਆਪ ਦੀ ਇਸ ਨਿਯੁਕਤੀ ਨਾਲ ਬਿਜਲੀ ਰੈਗੂਲੇਟਰੀ ਕਮਿਸ਼ਨ ਦਾ ਸਟਾਫ ਪੂਰਾ ਹੋ ਗਿਆ ਹੈ। ਸਾਨੂੰ ਪੂਰਨ ਭਰੋਸਾ ਅਤੇ ਵਿਸ਼ਵਾਸ ਹੈ ਕਿ ਇੰਜਨੀਅਰ ਸੈਣੀ ਆਪਣੀ ਯੋਗਤਾ ਤੇ ਸਿਆਣਪ ਸਦਕਾ ਹੋਰ ਬੁਲੰਦੀਆਂ ਨੂੰ ਛੂਹੇਗਾ। ਪਰਮਾਤਮਾ ਉਨ੍ਹਾਂ ਨੂੰ ਸ਼ਕਤੀ ਤੇ ਦ੍ਰਿੜਤਾ ਬਖਸ਼ੇ।

### ਰਾਸ਼ਟਰੀ ਕ੍ਰਿਕਟ ਖਿਡਾਰੀ ਹਰਿਵੰਸ਼ ਸਿੰਘ ਪੰਘਲੀਆ




ਹਰ ਭਾਰਤੀ ਕ੍ਰਿਕਟਪ੍ਰੇਮੀ ਖੁਸ਼ੀ ਵਿੱਚ ਝੂਮ ਉੱਠਿਆ ਜਦੋਂ ਉਸ ਦੇ ਇੱਕ ਖਿਡਾਰੀ ਨੇ 9ਵੇਂ ਨੰਬਰ 'ਤੇ ਖੇਡਦਿਆਂ 52 ਗੇਂਦਾਂ 'ਤੇ 9 ਛੱਕੇ ਮਾਰ ਕੇ 103 ਦੌੜਾਂ ਬਣਾਈਆਂ ਅਤੇ ਹਾਰ ਦੇ ਕਿਨਾਰੇ ਪਹੁੰਚੀ ਭਾਰਤੀ ਟੀਮ ਨੂੰ ਸ਼ਾਨਦਾਰ ਜਿੱਤ ਦੁਆਈ। ਇਹ ਖਿਡਾਰੀ ਸੀ, ਅੰਡਰ-19 ਭਾਰਤੀ ਕ੍ਰਿਕਟ ਟੀਮ ਦਾ ਵਿਕਟਕੀਪਰ ਹਰਿਵੰਸ਼ ਪੰਗਲੀਆ, ਜਿਸ ਨੇ ਮਾਰਚ, 2025 ਵਿੱਚ ਇੰਗਲੈਂਡ ਵਿਰੁੱਧ ਇਹ ਕ੍ਰਿਸ਼ਮਾਂ ਕੀਤਾ ਜਿਸ ਨਾਲ ਭਾਰਤੀ ਟੀਮ 442 ਦੌੜਾਂ ਬਣਾਉਣ ਵਿੱਚ ਕਾਮਯਾਬ ਹੋਈ।

ਹਰਿਵੰਸ਼ ਪੰਘਲੀਆ 3 ਨਵੰਬਰ, 2006 ਨੂੰ ਸ. ਦਮਨਦੀਪ ਸਿੰਘ ਦੇ ਸੈਣੀ ਪਰਵਾਰ ਵਿੱਚ ਦਿੱਲੀ ਵਿਖੇ ਪੈਦਾ ਹੋਇਆ। ਉਸ ਦਾ ਪਰਿਵਾਰ ਗੁਜਰਾਤ ਦੇ ਗਾਂਧੀਧਾਮ ਕਸਬੇ ਨਾਲ ਸਬੰਧਿਤ ਹੈ। ਉਸ ਨੇ ਸਕੂਲੀ ਸਿੱਖਿਆ ਦਿੱਲੀ ਤੋਂ

ਭਾਰਤ ਹਾਸਲ ਕੀਤੀ। ਪਿਤਾ ਅਤੇ ਚਾਚਾ ਖੇਡ-ਪ੍ਰਮੀ ਸਨ ਜਿਨ੍ਹਾਂ ਨੇ ਹਰਿਵੰਸ਼ ਨੂੰ ਖੇਡ ਮੈਦਾਨ ਵਿੱਚ ਜੂਝਣ ਲਈ ਪ੍ਰੇਰਿਤ ਕੀਤਾ। ਇਸ ਦਾ ਨਤੀਜਾ ਸੀ ਕਿ ਉਹ ਛੋਟੀ ਉਮਰ ਵਿੱਚ ਹੀ ਕ੍ਰਿਕਟ ਦਾ ਜਨੂਨੀ ਬਣ ਗਿਆ ਅਤੇ ਦਿਨ ਰਾਤ ਇਸ ਖੇਡ ਬਾਰੇ ਹੀ ਸੋਚਣ ਲਗ ਪਿਆ। ਉਹ ਸਥਾਨਕ ਟੀਮਾਂ ਵਿੱਚ ਖੇਡ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲੱਗਾ। ਬਿਹਤਰ ਰੁਜ਼ਗਾਰ ਲਈ ਪਰਿਵਾਰ ਕੈਨੇਡਾ ਦੇ ਸ਼ਹਿਰ ਟੋਰਾਂਟੋ ਜਾ ਵਸਿਆ ਅਤੇ ਹਰਿਵੰਸ਼ ਨੂੰ ਵੀ ਉੱਥੇ ਜਾਣ ਲਈ ਸਲਾਹ ਦਿੱਤੀ ਪਰ ਉਸ ਨੇ ਭਾਰਤ ਦੇਸ਼ ਲਈ ਕ੍ਰਿਕਟ ਖੇਡਣ ਨੂੰ ਹੀ ਤਰਜ਼ੀਹ ਦਿੱਤੀ। ਪਿਤਾ ਨੇ ਉਸ ਨੂੰ ਕ੍ਰਿਕਟ ਖੇਡ ਅਕੈਡਮੀ ਵਿੱਚ ਪ੍ਰੈਕਟਿਸ ਲਈ ਭੇਜ ਦਿੱਤਾ। ਇਸ ਸਮੇ ਉਸ ਦਾ ਪਿਤਾ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਟਰੱਕ ਚਲਾਉਂਦਾ ਹੈ।

ਸਕੂਲ ਸਮੇਂ ਹੀ ਉਹ ਪ੍ਰਸਿੱਧ ਕ੍ਰਿਕਟ ਦੇ ਬੱਲਾ-ਖਿਡਾਰੀਆਂ ਵਿੱਚ ਗਿਣਿਆਂ ਜਾਣ ਲੱਗਾ। ਇਸ ਲਈ ਉਸ ਨੂੰ ਅੰਡਰ-16 ਕ੍ਰਿਕਟ ਟੀਮ ਵਿੱਚ ਆਪਣੇ ਰਾਜ ਦੀ ਟੀਮ ਵਿੱਚ ਸ਼ਾਮਿਲ ਕਰ ਲਿਆ ਗਿਆ। ਉਸ ਦੀ ਬੱਲੇ 'ਤੇ ਪਕੜ ਅਤੇ ਮਿਸਾਲੀ ਸਟਰਾਈਕਿੰਗ ਸਮਰਥਾ ਦੇ ਮੱਦੇਨਜ਼ਰ ਉਸ ਨੂੰ 2021 ਵਿੱਚ ਦੇਸ਼ ਦੀ ਅੰਡਰ-19 ਕ੍ਰਿਕਟ ਟੀਮ ਵਿੱਚ ਸਥਾਨ ਮਿਲ ਗਿਆ। ਉਸ ਨੇ ਇਸ ਟੀਮ ਵਿੱਚ ਅਸਟ੍ਰੇਲੀਆ ਵਿਰੁੱਧ ਖੇਡਦਿਆਂ 2023 ਵਿੱਚ ਮਿਸਾਲੀ ਸੈਕੜਾ ਜੜਿਆ ਜਿਸ ਨਾਲ ਉਹ ਕ੍ਰਿਕਟ ਪ੍ਰਬੰਧਕਾਂ ਦੀ ਨਜ਼ਰ ਵਿੱਚ ਰਾਸ਼ਟਰੀ ਪੱਧਰ ਦਾ ਖਿਡਾਰੀ ਬਣ ਗਿਆ। ਇਸ ਲਈ ਉਸ ਨੂੰ ਸੀਨੀਅਰ ਭਾਰਤੀ ਕ੍ਰਿਕਟ ਟੀਮ ਵਿੱਚ ਖੇਡਣ ਲਈ ਸੱਦਾ ਦਿੱਤਾ ਗਿਆ ਹੈ। ਦੇਸ਼ ਅਤੇ ਬਰਾਦਰੀ ਨੂੰ ਹਰਿਵੰਸ਼ ਸਿੰਘ ਪੰਘਲੀਆ 'ਤੇ ਬਹੁਤ ਉਮੀਦਾਂ ਹਨ। ਸਭ ਨੂੰ ਪੂਰਨ ਭਰੋਸਾ ਹੈ ਕਿ ਉਹ ਅੰਤਰਰਾਸ਼ਟਰੀ ਕ੍ਰਿਕਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰੇਗਾ। ਪਰਮਾਤਮਾ ਉਸ ਨੂੰ ਹੌਸਲਾ ਅਤੇ ਤੰਦਰੁਸਤੀ ਬਖਸ਼ੇ।

## ਗਾਇਕ ਗੋਪੀ ਲੌਂਗੀਆ



ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੁਰਾਦਪੁਰ ਵਿਖੇ ਸ. ਨਿਰਮਲ ਸਿੰਘ ਅਤੇ ਸ਼੍ਰੀਮਤੀ ਬਲਵਿੰਦਰ ਕੌਰ ਦੇ ਸੈਣੀ ਪਰਿਵਾਰ ਵਿੱਚ 5 ਸਤੰਬਰ, 1991 ਨੂੰ ਜਨਮੇ ਗੁਰਪ੍ਰੀਤ ਸਿੰਘ ਲੌਂਗੀਆ ਨੇ ਥੋੜ੍ਹੇ ਸਮੇਂ ਵਿੱਚ ਹੀ ਪੰਜਾਬੀ ਗਾਇਕੀ ਦੇ ਖੇਤਰ ਵਿੱਚ ਧਾਂਕ ਜਮਾ ਲਈ ਹੈ। ਜਦੋਂ ਉਹ ਅਜੇ 3 ਮਹੀਨਿਆਂ ਦਾ ਹੀ ਸੀ ਕਿ ਉਸ ਦੀ ਜਨਣੀ ਅਕਾਲ ਚਲਾਣਾ ਕਰ ਗਈ। ਉਹ ਬੇਜ਼ਮੀਨੇ ਕਿਸਾਨ ਸਨ ਜਿਸ ਕਰਕੇ ਘਰ ਦਾ ਗੁਜ਼ਾਰਾ ਚਲਾਉਣ ਲਈ ਬਾਪ ਮਜ਼ਦੂਰੀ ਕਰਦਾ ਸੀ। ਗਰੀਬੀ ਕਾਰਨ ਹੀ ਗੁਰਪ੍ਰੀਤ ਪੜ੍ਹਨ-ਲਿਖਣ ਤੋਂ ਸੱਖਣਾ ਹੀ ਰਿਹਾ ਅਤੇ ਮਿਹਨਤ-ਮਜ਼ਦੂਰੀ ਕਰਨ ਲਈ ਮਜ਼ਬੂਰ ਹੋ ਗਿਆ। ਪਰ ਉਸ ਅੰਦਰ ਦੀ ਗਾਇਣ ਪ੍ਰਤਿਭਾ ਨੇ ਉਬਾਲਾ ਖਾਧਾ ਜਿਸ ਨੂੰ ਉਸ ਨੇ ਫੇਸਬੁੱਕ ਅਤੇ ਟਿੱਕ ਟਾਕ ਰਾਹੀਂ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ ਜਿਸ ਨੂੰ ਸਰੋਤਿਆਂ ਨੇ ਬਹੁਤ ਪਸੰਦ ਕੀਤਾ ਅਤੇ ਗੋਪੀ ਲੌਂਗੀਆ ਸੰਗੀਤ-ਪ੍ਰੇਮੀਆਂ ਵਿੱਚ ਹਰਮਨਪਿਆਰਾ ਹੋ ਗਿਆ। ਉਹ ਆਪਣੇ ਗਾਣੇ 'ਬਾਂਦਰੀ' ਨਾਲ ਪ੍ਰਸਿੱਧ ਹੋ ਗਿਆ ਅਤੇ ਉਸ ਨੂੰ 'ਬੋਹੇਮੀਆਂ-2' ਵਜੋਂ ਜਾਣਿਆਂ ਜਾਣ ਲੱਗਾ। ਇਸ ਸਮੇਂ ਉਹ ਪ੍ਰਸਿੱਧ ਰੈਪਰ ਹੈ ਜੋ ਕਈ ਪੰਜਾਬੀ ਗਾਣਿਆਂ ਦੀਆਂ ਵੀਡਿਓਜ਼ ਵਿੱਚ ਆਪਣੀ ਪ੍ਰਤਿਭਾ ਪ੍ਰਗਟ ਕਰ ਰਿਹਾ ਹੈ। ਉਸ ਦੀ ਪਤਨੀ ਸ਼੍ਰੀਮਤੀ ਪ੍ਰੀਤ ਕੌਰ ਨੇ ਉਸ ਨੂੰ ਇਸ ਸਥਾਨ ਤੱਕ ਪੁੱਜਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਦੀ ਇੱਕ ਬੇਟੀ ਹੈ। ਸੈਣੀ ਬਰਾਦਰੀ ਨੂੰ ਗੋਪੀ ਲੌਂਗੀਆਂ ਤੋਂ ਬਹੁਤ ਆਸਾਂ ਹਨ ਕਿ ਉਹ ਗਾਇਕੀ ਦੇ ਖੇਤਰ ਵਿੱਚ ਹੋਰ ਵੀ ਮੱਲਾਂ ਮਾਰੇਗਾ।

## ਵਿਸ਼ਵ ਪ੍ਰਸਿੱਧ ਸੈਣੀ ਕਾਰੋਬਾਰੀ-ਹੈਰੀ ਬੋਲਾ



ਸ.ਹਰਮਿੰਦਰ ਸਿੰਘ (ਹੈਰੀ ਬੋਲਾ) ਦਾ ਜੀਵਨ ਇੱਕ ਅਜਿਹੇ ਸੰਘਰਸ਼ ਦੀ ਕਹਾਣੀ ਹੈ ਜੋ ਕਿਸੇ ਅਚੰਭੇ ਤੋਂ ਘੱਟ ਨਹੀਂ। ਉਹ 1960 ਵਿੱਚ ਪੰਜਾਬ ਦੇ ਜ਼ਿਲ੍ਹਾ ਐਸ.ਬੀ.ਐਸ ਨਗਰ ਦੇ ਪਿੰਡ ਸੂਰਾਪੁਰ ਵਿਖੇ ਇੱਕ ਗਰੀਬ ਕਿਸਾਨੀ ਪਰਿਵਾਰ ਵਿੱਚ ਪੈਦਾ ਹੋਇਆ। ਪਿਤਾ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਕਦੇ ਕੋਈ ਕੰਮ ਕਰਦਾ ਅਤੇ ਕਦੇ ਕੋਈ ਪਰ ਕਿਤੇ ਹੱਥਪੱਲਾ ਨਾ ਪੈਂਦਾ। ਹਰਮਿੰਦਰ ਵੀ ਗਰੀਬੀ ਕਾਰਨ ਅੱਠਵੀਂ ਤੱਕ ਹੀ ਪੜ੍ਹ ਸਕਿਆ ਅਤੇ 23 ਸਾਲ ਦੀ ਉਮਰ ਵਿੱਚ ਕਮਲਜੀਤ ਕੌਰ ਨਾਲ ਵਿਆਹਿਆ ਗਿਆ ਜਿਸ ਤੋਂ ਉਸ ਦੇ ਦੋ ਬੱਚੇ-ਜਯ ਅਤੇ ਤਰਨਜੀਤ ਪੈਦਾ ਹੋਏ। ਬੇਰੁਜ਼ਗਾਰੀ ਅਤੇ ਗਰੀਬੀ ਤੋਂ ਤੰਗ ਹੋ ਕੇ ਉਹ 1983 ਵਿੱਚ ਆਪਣੀ ਪਤਨੀ ਸਮੇਤ ਅਮਰੀਕਾ ਦੇ ਸ਼ਹਿਰ ਨਿਊਯਾਰਕ ਆ ਵਸਿਆ। ਇੱਥੇ ਕਿਸੇ ਹੁਨਰ ਅਤੇ ਸਿੱਖਿਆ ਤੋਂ ਕੋਰੇ ਹਰਮਿੰਦਰ ਨੂੰ ਆਪਣਾ ਪੇਟ ਭਰਨ ਲਈ ਬੱਸਬੁਆਏ ਅਤੇ ਟੈਕਸੀ ਡਰਾਇਵਰ ਜਿਹੇ ਕੰਮ ਕਰਨੇ ਪਏ। ਪਰ ਉਸ ਨੇ ਹੌਸਲਾ ਨਹੀਂ ਹਾਰਿਆ। ਉਹ ਮਕੈਨਿਕਾਂ ਦੀਆਂ ਵਰਕਸ਼ਾਪਾਂ ਅੱਗੇ ਲੱਗੀਆਂ ਲੰਮੀਆਂ ਕਤਾਰਾਂ ਨੂੰ ਗਹੁ ਨਾਲ ਦੇਖਦਾ ਅਤੇ ਮਨ ਹੀ ਮਨ ਸੁਫ਼ਨੇ ਲੈਂਦਾ। ਉਸ ਨੇ ਆਪਣੇ ਸੁਫ਼ਨਿਆਂ ਨੂੰ ਸਾਕਾਰ ਕਰਨ ਲਈ ਬਰੁਕਲਿਨ ਵਿਖੇ ਇੱਕ ਕਾਰ ਮਕੈਨਿਕ ਦੀ ਦੁਕਾਨ ਖੋਲ੍ਹ ਲਈ। ਇਸ ਵਿੱਚ ਉਸ ਨੇ ਇੰਨੀ ਮਿਹਨਤ ਕੀਤੀ ਕਿ 1994 ਤੱਕ ਉਸ ਨੇ ਸੱਤ ਸਰਵਿਸ ਸਟੇਸ਼ਨ ਖੋਲ੍ਹ ਲਏ ਜਿਸ ਵਿੱਚ 20 ਮੁਲਾਜ਼ਮ ਕੰਮ ਕਰਦੇ ਸਨ। ਸੰਨ 2011 ਵਿੱਚ ਉਸ ਨੇ ਇਕ ਦੀਵਾਲੀਆ ਫਰਮ ਤੋਂ 35 ਜਾਇਦਾਦਾਂ ਖਰੀਦ ਲਈਆਂ ਅਤੇ ਉਨ੍ਹਾਂ ਵਿੱਚ 55 ਸਟੋਰ ਅਤੇ 45 ਗੈਸ ਸਟੇਸ਼ਨ

ਸਥਾਪਿਤ ਕਰ ਦਿੱਤੇ। ਇਸ ਸਮੇਂ ਹੈਰੀ ਬੋਲ਼ਾ ਦੇ 1700 ਤੋਂ ਵੱਧ ਥਾਵਾਂ 'ਤੇ ਕਾਰੋਬਾਰ ਹਨ।

ਉਸ ਵਲੋਂ ਸਥਾਪਿਤ ਕੀਤੀ 'ਬੋਲ਼ਾ ਮਾਰਕੀਟ' ਨਿਊਯਾਰਕ ਦੇ ਇਲਾਕੇ ਵਿੱਚ ਈਧਣ ਅਤੇ ਹੋਰ ਖਾਣਪੀਣ ਦੇ ਸਾਮਾਨ ਦੀਆਂ ਪ੍ਰਸਿੱਧ ਕੰਪਨੀਆਂ ਵਿੱਚ ਸ਼ਾਮਿਲ ਹੈ। ਉਸ ਪਾਸ ਬਿਲੀਅਨ ਡਾਲਰ ਦਾ ਗੈਸ ਸਟੇਸ਼ਨ ਅਤੇ ਸਟੋਰ ਹੈ ਜਿਸ ਵਿੱਚ ਤੇਲ ਤੋਂ ਇਲਾਵਾ ਉਚ-ਕੋਟੀ ਦੀ ਖਾਧ ਸਮੱਗਰੀ ਦੇ ਸਟੋਰ-ਬਰਗਰ ਕਿੰਗ, ਪੀਜ਼ਾ ਹਟ, ਮੋਇਜ਼ ਸਾਊਥਵੈਸਟ ਗਰਿੱਲ ਅਤੇ ਰੈਡ ਮੈਂਗੋ ਆਦਿ ਹਨ। ਹੈਰੀ ਬੋਲ਼ਾ ਆਪ ਇਸ ਕੰਪਨੀ ਦਾ ਸੀਈਓ ਹੈ। ਹੈਰੀ ਬੋਲ਼ਾ ਜੋ ਕਿਸੇ ਸਮੇਂ ਇੱਕ ਕਮਰੇ ਵਾਲੇ ਛੋਟੇ ਜਿਹੇ ਅਪਾਰਟਮੈਂਟ ਵਿੱਚ ਰਹਿੰਦਾ ਸੀ, ਹੁਣ ਨਿਊਯਾਰਕ ਸ਼ਹਿਰ ਦੇ ਸਭ ਤੋਂ ਮਹਿੰਗੇ ਇਲਾਕੇ ਵਿੱਚ 22000 ਵਰਗ ਫੁੱਟ ਖੇਤਰਫਲ ਵਾਲੀ 25 ਮਿਲੀਅਨ ਡਾਲਰ ਦੀ ਕੋਠੀ ਵਿੱਚ ਰਹਿੰਦਾ ਹੈ। ਇਸ ਕੋਠੀ ਵਿੱਚ ਲੱਖਾਂ ਡਾਲਰਾਂ ਦੇ ਮਹਿੰਗੇ ਤਲਾਅ ਅਤੇ ਪਾਣੀ ਦੇ ਫੁਆਰੇ ਲੱਗੇ ਹੋਏ ਹਨ। ਕੋਠੀ ਦੀ ਬੇਮਿਸਾਲ ਕਲਾ-ਸਜਾਵਟ ਵੇਖਣਯੋਗ ਹੈ। ਉਹ ਹੁਣ ਅਮਰੀਕਾ ਦੇ ਰਾਜਨੀਤਿਕ ਅਤੇ ਸਮਾਜਿਕ ਖੇਤਰਾਂ ਵਿੱਚ ਜਾਣਿਆਂ-ਪਛਾਣਿਆਂ ਨਾਮ ਹੈ ਜਿਸ ਨੂੰ ਉਸ ਦੇਸ਼ ਦੇ ਰਾਸ਼ਟਰਪਤੀ ਅਤੇ ਹੋਰ ਵੀਵੀਆਈਪੀ ਅਕਸਰ ਮਿਲਣ ਆਉਂਦੇ ਰਹਿੰਦੇ ਹਨ।

ਹੈਰੀ ਬੋਲ਼ਾ ਸਮਾਜਭਲਾਈ ਦੇ ਕੰਮਾਂ ਵਿੱਚ ਵਧਚੜ੍ਹ ਕੇ ਯੋਗਦਾਨ ਪਾਉਂਦਾ ਹੈ। ਉਸ ਨੇ ' ਬੋਲ਼ਾ ਚੈਰਿਟੀ ਫ਼ਾਊਂਡੇਸ਼ਨ' ਕਾਇਮ ਕੀਤੀ ਹੋਈ ਹੈ ਜਿਸ ਰਾਹੀਂ ਉਸ ਨੇ ਬਜ਼ੁਰਗਾਂ ਅਤੇ ਬੇਸਹਾਰਾ ਲੋਕਾਂ ਲਈ ਘਰ ਬਣਾ ਕੇ ਦਿੱਤੇ ਹਨ ਅਤੇ ਪੁਲਿਸ ਦੇ ਸ਼ਹੀਦ ਹੋਏ ਮੁਲਾਜ਼ਮਾਂ ਦੇ ਪਰਿਵਾਰਾਂ ਦੀ ਮਾਲੀ ਸਹਾਇਤਾ ਕੀਤੀ। ਉਹ ਭਾਰਤ ਵਿੱਚ ਆ ਕੇ ਵੀ ਕਈ ਲੋੜਵੰਦਾਂ ਦੀ ਵਿਤੀ ਮਦਦ ਕਰਨ ਦੇ ਪ੍ਰਾਜੈਕਟ ਚਲਾਉਂਦਾ ਹੈ। ਉਹ ਅਕਸਰ ਪੰਜਾਬ ਵਿੱਚ ਆਪਣੇ ਪਿੰਡ ਆਉਂਦਾ ਰਹਿੰਦਾ ਹੈ ਅਤੇ ਨੌਜਵਾਨਾਂ ਦੀ ਸਹਾਇਤਾ ਲਈ ਨਵਾਂਸ਼ਹਿਰ ਵਿਖੇ ਕੋਈ ਕਾਰੋਬਾਰ ਕਰਨ ਦਾ ਇੱਛੁਕ ਹੈ। ਹੈਰੀ ਬੋਲ਼ਾ ਦਾ ਸਫ਼ਲ ਸੰਘਰਸ਼ ਪੰਜਾਬ ਦੇ ਨੌਜਵਾਨਾਂ ਲਈ ਮਿਸਾਲ ਹੈ ਕਿ ਕਿਵੇਂ ਮਿਹਨਤ ਤੇ ਲਗਨ ਨਾਲ ਕੱਖਾਂ ਤੋਂ ਲੱਖਾਂ ਦੇ ਮਾਲਕ ਬਣਿਆਂ ਜਾ ਸਕਦਾ ਹੈ।

❈ ❈ ❈ ❈ ❈

## ਬੇਈਮਾਨ

ਵੱਢੀ ਖੋਰ ਇਕ ਦੂਜੇ ਨੂੰ ਕਹਿਣ ਲੱਗਾ,
ਮੇਰੇ ਹੀਰਿਆ, ਮਹਿਰਮਾਂ, ਦਿਲ ਜਾਨੀ।
ਗੱਫੇ ਰੱਜ ਕੇ ਲੋਕਾਂ ਤੋਂ ਮੁੱਛਦੇ ਹਾਂ,
ਕਰਮਾਂ ਵਾਲੀ ਹੈ, ਅਸਾਂ ਦੇ ਹੱਥ ਕਾਨੀ।
ਕਰਦੇ ਵੱਢੀ ਦੀ ਰਕਮ ਦੀ ਵੰਡ ਕਾਣੀ,
ਰੱਬਾ ਦਾਤਿਆ ਤੂੰ ਕਰੀਂ ਮਿਹਰਬਾਨੀ।
ਇਉਂ ਉੱਡ ਗਈ ਜਦੋਂ ਇਮਾਨਦਾਰੀ,
ਗਰਕ ਦੁਨੀਆਂ ਨੂੰ ਕਰੇਗੀ ਬੇਈਮਾਨੀ। -ਸੂਬਾ ਸਿੰਘ



ਗ਼ਜ਼ਲ

## ਅਪਣਾ ਅਪਣਾ ਮੁੱਲ ਹੁੰਦਾ ਹੈ....

ਬਲਬੀਰ ਸਿੰਘ ਸੈਣੀ, ਨੰਗਲ

ਅਪਣਾ ਅਪਣਾ ਮੁੱਲ ਹੁੰਦਾ ਹੈ,
ਅਪਣੀ ਕਿਸਮਤ ਹੁੰਦੀ ਹੈ,
ਜਦ ਵੀ ਹੋਵੇ,
ਚੰਗੇ ਕੰਮਾਂ ਨਾਲ ਹੀ ਸ਼ੋਹਰਤ ਹੁੰਦੀ ਹੈ।
ਹੱਥ ਕਦੇ ਵੀ ਫੈਲਾਂਦਾ ਨਹੀਂ,
ਗ਼ੈਰਤਮੰਦ ਕਿਸੇ ਅੱਗੇ,
ਗ਼ੈਰਤਮੰਦ ਨੂੰ ਜਾਨ ਤੋਂ ਵੱਧ ਕੇ,
ਪਿਆਰੀ ਗ਼ੈਰਤ ਹੁੰਦੀ ਹੈ।
ਹੱਥਾਂ 'ਤੇ ਵਹੀਆਂ ਜੋ ਲੀਕਾਂ,
ਵਹੀਆਂ ਹੀ ਰਹਿ ਜਾਣ ਮਗਰ,
ਉਹ ਹੱਥ, ਹੱਥੀਂ ਘੜਦੇ ਕਿਸਮਤ,
ਜਿਨ੍ਹਾਂ 'ਚ ਹਿੰਮਤ ਹੁੰਦੀ ਹੈ।
ਨਵੀਂ -ਪੁਰਾਣੀ ਪੀੜ੍ਹੀ ਵਿੱਚ ਜਦ,
ਛਿੜਦੀ ਜੰਗ ਵਿਚਾਰਾਂ ਦੀ,
ਉਦੋਂ ਹੀ ਕਤਲੋ-ਗਾਰਤ ਹੁੰਦੀ,
ਉਦੋਂ ਬਗਾਵਤ ਹੁੰਦੀ ਹੈ।
ਕੋਰਟ-ਕਚਹਿਰੀ ਥਾਣੇ ਵਿੱਚ,
ਜਦ ਕਿਸੇ ਦੇ ਹੋਣ ਦੀ ਤੁਰਦੀ ਗੱਲ,
ਤਕੜੇ ਲਈ ਉਹ ਸ਼ੋਹਰਤ,
ਪਰ ਮਾੜੇ ਲਈ ਤੋਹਮਤ ਹੁੰਦੀ ਹੈ।
ਐ 'ਸੈਣੀ' ਜਦ ਕੁਰਸੀ ਦੀ ਤੇ
ਅਹੁਦੇ ਦੀ ਗੱਲ ਤੁਰਦੀ ਤਾਂ,
ਹਰ ਬੰਦੇ ਦੇ ਦਿਲ ਵਿੱਚ
ਉਸ ਨੂੰ ਪਾਣ ਦੀ ਹਸਰਤ ਹੁੰਦੀ ਹੈ।

❈ ❈ ❈ ❈ ❈

## ਵਧਾਈ



15 ਅਗਸਤ 2025 ਨੂੰ ਆਜ਼ਾਦੀ ਦਿਵਸ ਮੌਕੇ ਇੰਸਪੈਕਟਰ ਜਸਪ੍ਰੀਤ ਕੌਰ ਸੈਣੀ ਪੁੱਤਰੀ ਸ਼੍ਰੀ ਮਦਨ ਗੋਪਾਲ ਸੈਣੀ ਜੋ ਕਿ ਵੂਮੈਨ ਸੈੱਲ ਰੂਪਨਗਰ ਦੀ ਇੰਚਾਰਜ ਹੈ, ਨੂੰ ਵਧੀਆ ਸੇਵਾਵਾਂ ਦੇਣ ਕਾਰਨ ਸ੍ਰ. ਹਰਪਾਲ ਸਿੰਘ ਚੀਮਾ, ਮਾਨਯੋਗ ਵਿੱਤ ਮੰਤਰੀ ਪੰਜਾਬ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸੈਣੀ ਭਵਨ ਵੱਲੋਂ ਸੈਣੀ ਬਰਾਦਰੀ ਦੀ ਇਸ ਧੀ ਨੂੰ ਇਸ ਮਾਣਮੱਤੀ ਪ੍ਰਾਪਤੀ ਤੇ ਮੁਬਾਰਕਾਂ



# ਅਲਵਿਦਾ - ਟਰਬਨ ਟੋਰਨੈਡੋ ਫੌਜਾ ਸਿੰਘ

ਡਾ. ਹਰਚਰਨ ਦਾਸ
ਰੂਪਨਗਰ

ਬਾਬਾ ਫੌਜਾ ਸਿੰਘ ਕੁਦਰਤ ਦਾ ਕ੍ਰਿਸ਼ਮਾ ਸੀ। ਜਦੋਂ ਉਹ ਜਲੰਧਰ ਜ਼ਿਲ੍ਹੇ ਦੇ ਪਿੰਡ ਬਿਆਸ ਵਿੱਚ ਮਾਤਾ ਗਿਆਨ ਕੌਰ ਦੀ ਕੁੱਖੋਂ ਜੰਮਿਆਂ ਤਾਂ ਉਸ ਦੇ ਬਚਣ ਦੀ ਕੋਈ ਆਸ ਨਹੀਂ ਸੀ ਪਰ ਉਹ 114 ਸਾਲ, 3 ਮਹੀਨੇ ਤੇ 14 ਦਿਨ ਜੀਵਿਆ। ਨਾ ਸਿਰਫ਼ ਜੀਵਿਆ ਬਲਕਿ ਗੁਰਾਂ ਦੀ ਦੱਸੀ ਜੀਵਨ ਜਾਚ, 'ਹਸੰਦਿਆਂ, ਖੇਲੰਦਿਆਂ ਪੈਨੰਦਿਆਂ ਖਾਵੰਦਿਆਂ' ਨਾਲ ਮੈਰਾਥਨ ਦੌੜਾਂ ਦੌੜਨ ਦਾ ਕੌਤਕ ਵੀ ਵਰਤਾਅ ਗਿਆ। ਇਹ ਵੀ ਕੋਈ ਕੌਤਕ ਹੋਵੇਗਾ ਕਿ ਬਚਪਨ ਦੇ ਪਹਿਲੇ ਪੰਜ ਸਾਲ ਉਹ ਪੰਜ ਕਦਮ ਤੁਰਨ ਜੋਗਾ ਵੀ ਨਹੀਂ ਸੀ ਹੋਇਆ। ਇੱਥੋਂ ਤੱਕ ਕਿ ਰਿੜ੍ਹਨ ਤੇ ਖੜ੍ਹਨ ਵੀ ਬੜੀ ਦੇਰ ਨਾਲ ਲੱਗਾ। ਛੇਵਾਂ ਸਾਲ ਜਦੋਂ ਉਹ ਤੁਰਨ ਜੋਗਾ ਹੋਇਆ ਤਾਂ ਘਰਦਿਆਂ ਨੇ ਪਿੰਡ ਵਿੱਚ ਕੜਾਹ ਵੰਡਿਆ।

ਉਹ ਆਪਣੀ ਮਾਂ ਨਾਲ ਖੇਤਾਂ ਨੂੰ ਜਾਂਦਾ ਤਾਂ ਲੱਤਾਂ ਵਿੱਚ ਚੀਸਾਂ ਪੈਣ ਲਗਦੀਆਂ। ਮਾਂ ਉਹਦੀਆਂ ਲੱਤਾਂ 'ਤੇ ਪੱਟੀਆਂ ਬੰਨ੍ਹਦੀ ਰਹਿੰਦੀ। ਪੰਦਰਾਂ ਸਾਲ ਦੀ ਉਮਰ ਤੱਕ ਉਹ ਲਗਾਤਾਰ ਇੱਕ ਮੀਲ ਵੀ ਨਾ ਤੁਰ ਸਕਿਆ। ਉਸ ਦਾ ਪਿਤਾ ਮਿਹਰ ਸਿੰਘ ਥੁੜਿਆ-ਟੁੱਟਿਆ ਕਿਸਾਨ ਸੀ। ਉਸ ਦਾ ਵੱਡਾ ਪਰਿਵਾਰ ਸੀ। ਉਹ ਮਸਾਂ ਖੇਤੀ ਦੇ ਕਰਜ਼ੇ ਹੀ ਲਾਹੁੰਦਾ। ਫੌਜਾ ਸਿੰਘ ਬਚਪਨ ਵਿੱਚ ਨਾ ਖੇਡਣ ਜੋਗਾ ਸੀ ਤੇ ਨਾ ਪੜ੍ਹਨ ਜੋਗਾ। ਗੱਭਰੂ ਹੋ ਕੇ ਉਹ ਫੁੱਟਬਾਲ ਨੂੰ ਕਿੱਕਾਂ ਮਾਰਨ ਲੱਗਾ ਪਰੰਤੂ 1947 ਦੇ ਰੌਲਿਆਂ ਵਿੱਚ ਇਹ ਵੀ ਭੁੱਲ ਗਿਆ। ਪੜ੍ਹਾਈ-ਲਿਖਾਈ ਜਾਂ ਕਿਸੇ ਹੁਨਰ ਤੋਂ ਉਹ ਅਸਲੋਂ ਕੋਰਾ ਰਿਹਾ। ਸਿਰਫ਼ ਆਪਣੇ ਦਸਤਖ਼ਤ ਕਰਨੇ ਹੀ ਸਿੱਖਿਆ, ਉਹ ਵੀ ਉਰਦੂ ਵਿੱਚ। ਇੰਗਲੈਂਡ ਵਿੱਚ ਗੁਜ਼ਾਰਾ ਪੈਨਸ਼ਨ ਲੈਣ ਸਮੇਂ ਉਹ ਉਰਦੂ ਵਿੱਚ ਹੀ ਦਸਤਖਤ ਕਰਦਾ ਸੀ। ਫੌਜਾ ਸਿੰਘ ਹਲ ਵਾਹੁਣ ਲੱਗਾ ਤਾਂ ਉਸ ਦਾ ਪੱਚੀ ਸਾਲ ਦੀ ਉਮਰ ਵਿੱਚ ਵਿਆਹ ਪਿੰਡ ਕਾਲਘਟਾਂ ਦੀ ਗਿਆਨ ਕੌਰ ਨਾਲ ਹੋ ਗਿਆ। ਉਹ ਦੇ ਘਰ ਤਿੰਨ ਪੁਤਰਾਂ ਅਤੇ ਤਿੰਨ ਧੀਆਂ ਨੇ ਜਨਮ ਲਿਆ ਜਿਨ੍ਹਾਂ ਨੂੰ ਉਹ ਪੜ੍ਹਾ-ਲਿਖਾ ਤਾਂ ਨਾ ਸਕਿਆ ਪਰ ਇੱਕ ਪੁੱਤਰ ਤੇ ਧੀ ਨੂੰ ਇੰਗਲੈਂਡ ਤੇ ਕੈਨੇਡਾ ਵਿਆਹੁਣ ਵਿੱਚ ਕਾਮਯਾਬ ਹੋ ਗਿਆ। ਪਤਨੀ 1992 ਵਿੱਚ ਗੁਜ਼ਰ ਗਈ ਅਤੇ ਫਿਰ ਗਭਲਾ ਪੁੱਤਰ ਕੁਲਦੀਪ ਸਿੰਘ ਛੱਤ ਤੋਂ ਡਿਗ ਕੇ ਪੂਰਾ ਹੋ ਗਿਆ। ਉਨ੍ਹਾਂ ਦੇ ਵਿਯੋਗ ਵਿੱਚ ਫੌਜਾ ਸਿੰਘ ਕਮਲਾ ਹੋਇਆ ਸਿਵਿਆਂ 'ਚ ਬੈਠਾ ਰਹਿੰਦਾ। ਪਿੰਡ ਵਾਲੇ ਸੋਚਦੇ, ਹੁਣ ਇਹ ਵੀ ਨੀ ਬਚਦਾ। ਉਹ ਦਾ ਵੱਡਾ ਪੁੱਤਰ ਸੁਖਵਿੰਦਰ ਸਿੰਘ ਵਲਾਇਤ ਵਿੱਚ ਸੀ। ਉਸ ਨੇ ਬਾਪ ਨੂੰ ਮੰਗਵਾਉਣ ਲਈ ਪਾਸਪੋਰਟ ਬਣਵਾਇਆ ਅਤੇ ਅਟੇ ਸਟੇ ਨਾਲ ਹੀ ਜਨਮ ਤਾਰੀਖ 1 ਅਪ੍ਰੈਲ, 1911 ਲਿਖੀ ਤੇ ਦਿਲ ਛੱਡੀ ਬੈਠੇ ਉਦਾਸ ਬਾਪ ਨੂੰ ਇੰਗਲੈਂਡ ਲੈ ਗਿਆ। ਫੌਜਾ ਸਿੰਘ ਦਾ ਇੰਗਲੈਂਡ ਵਿੱਚ ਵੀ ਜੀਅ ਨਹੀਂ ਲੱਗਾ ਅਤੇ ਮੁੜ ਆਪਣੇ ਪਿੰਡ ਆ ਗਿਆ। ਉਸ ਦਾ ਹਾਲ ਫਿਰ ਸ਼ੁਦਾਈਆਂ ਵਾਲਾ ਹੋ ਗਿਆ ਤਾਂ ਵਾਪਸ ਇੰਗਲੈਂਡ ਚਲੇ ਗਿਆ ਅਤੇ ਫਿਰ ਉੱਥੇ ਹੀ ਟਿਕ ਗਿਆ। ਇੱਥੇ ਬਠਿੰਡੇ ਤੋਂ ਇੰਗਲੈਂਡ ਪਹੁੰਚੇ ਦੌੜਾਕ ਹਰਮੰਦਰ ਸਿੰਘ ਨਾਲ ਉਸ ਦੀ ਮੁਲਾਕਾਤ ਹੋ ਗਈ। ਹਰਮੰਦਰ ਸਿੰਘ ਪਾਰਕ ਵਿੱਚ ਦੌੜਨ ਜਾਂਦਾ ਤਾਂ ਫੌਜਾ ਸਿੰਘ ਨੂੰ ਬੈਂਚ 'ਤੇ ਸਿਰ ਸੁੱਟੀ ਬੈਠਾ ਵੇਖਦਾ। ਇਕ ਦਿਨ ਉਸ ਨੇ ਨਿਮੂੰਝਣੇ ਜਿਹੇ ਬੈਠੇ ਫੌਜਾ ਸਿੰਘ ਨੂੰ ਕਿਹਾ ਕਿ ਜੇ ਤੂੰ ਮੇਰੇ ਨਾਲ ਦੌੜਨ ਲਗ ਪਵੇਂ ਤਾਂ ਤੇਰੀ ਉਦਾਸੀ ਦੂਰ ਹੋ ਜਾਵੇਗੀ।

ਬੁਢਾਪੇ 'ਚ ਪਹੁੰਚਿਆ ਫੌਜਾ ਸਿੰਘ ਹਰਮੰਦਰ ਦੀ ਪ੍ਰੇਰਨਾ ਨਾਲ ਹੌਲੀ ਹੌਲੀ ਦੌੜਨ ਲਗ ਪਿਆ। ਉਹ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ, ਇੱਕ ਪਾਰਕ ਤੋਂ ਦੂਜੇ ਪਾਰਕ ਅਤੇ ਇੱਕ ਗੁਰਦੁਆਰੇ ਤੋਂ ਦੂਜੇ ਗੁਰਦੁਆਰੇ ਤੱਕ ਦੌੜਨ ਲਗ ਪਏ। ਇੰਝ ਕੋਚ ਹਰਮੰਦਰ ਸਿੰਘ ਦਾ ਫੌਜਾ ਸਿੰਘ ਨੂੰ ਮੈਰਾਥਨਾਂ ਵਿੱਚ ਲੁਆਉਣ ਵਿੱਚ ਸਭ ਤੋਂ ਵੱਧ ਯੋਗਦਾਨ ਪਿਆ। ਫੌਜਾ ਸਿੰਘ ਨੇ ਚੁਰਾਸੀ ਕੱਟ ਕੇ ਦੌੜਨਾ ਸ਼ੁਰੂ ਕੀਤਾ ਸੀ। ਉਸ ਦੀ ਜੀਵਨ ਕਹਾਣੀ ਦੱਸਦੀ ਹੈ ਕਿ ਕਿਸੇ ਬੰਦੇ ਦੇ ਜੀਵਨ ਵਿੱਚ ਕਿੰਨੇ ਵੀ ਦੁੱਖ ਕਿਉਂ ਨਾ ਆਏ ਹੋਣ ਤੇ ਕਿੱਡੀ ਵੀ ਵੱਡੀ ਉਮਰ ਦਾ ਨਾ ਹੋ ਗਿਆ ਹੋਵੇ, ਜੇ ਹਿੰਮਤ ਨਾ ਹਾਰੇ ਤਾਂ ਕੁੱਝ ਵੀ ਹਾਸਲ ਕਰ ਸਕਦਾ ਹੈ। ਜੋ ਕੁੱਝ ਫੌਜਾ ਸਿੰਘ ਨੇ ਕੀਤਾ ਉਹ ਲਾਮਿਸਾਲ ਹੈ।



ਸੰਨ 2000 ਵਿੱਚ, 89 ਸਾਲਾਂ ਦੇ ਫੌਜਾ ਸਿੰਘ ਨੇ ਪਹਿਲੀ ਮੈਰਾਥਾਨ ਦੌੜ ਵਿੱਚ ਭਾਗ ਲਿਆ। ਉਸ ਨੇ ਲੰਡਨ ਦੀ ਮੈਰਾਥਾਨ ਦੌੜ ਵਿੱਚ ਅੱਸੀ ਸਾਲ ਤੋਂ ਵੱਡੀ ਉਮਰ ਦੇ ਦੌੜਾਕਾਂ .ਚ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ। ਉਸ ਦੌੜ ਵਿੱਚ 32860 ਦੌੜਾਕਾਂ ਨੇ ਭਾਗ ਲਿਆ ਤੇ ਉਹ ਦਸ ਹਜ਼ਾਰ ਦੌੜਾਕਾਂ ਨੂੰ ਪਿੱਛੇ ਛੱਡ ਗਿਆ ਸੀ। ਅਠਾਈ ਸਤੰਬਰ, 2003 ਨੂੰ ਉਸ ਨੇ ਟੋਰਾਂਟੋ ਵਿੱਚ ਇੰਗਲੈਂਡ ਦੀ ਤਰਫੋਂ 'ਸਕੋਸ਼ੀਆਬੈਂਕ ਟੋਰਾਂਟੋ ਵਾਟਰਫਰੰਟ ਮੈਰਾਥਨ' ਵਿੱਚ ਭਾਗ ਲੈ ਕੇ ਆਪਣਾ ਹੀ ਪਹਿਲਾ ਰਿਕਾਰਡ 31 ਮਿੰਟ ਘੱਟ ਸਮਾਂ ਲੈ ਕੇ ਤੋੜਿਆ। ਉਸ ਨੇ ਦੌੜ ਸਮੇਂ ਕੇਸਰੀ ਪੱਗ ਬੰਨ੍ਹੀ ਹੋਈ ਸੀ ਤੇ ਦੌੜਦੇ ਦੀ ਲੰਮੀ ਦਾਹੜੀ ਲਹਿਰਾ ਰਹੀ ਸੀ। ਦੌੜ ਮੁੱਕੀ ਤਾਂ ਮੇਮਾਂ ਇੱਕ ਦੂਜੀ ਤੋਂ ਅੱਗੇ ਹੋ ਕੇ ਫੌਜਾ ਸਿੰਘ ਨੂੰ ਜੱਫੀਆਂ ਪਾਉਂਦੀਆਂ ਵਧਾਈਆਂ ਦੇਣ ਲੱਗੀਆਂ ਅਤੇ ਬੱਚੇ ਉਸ ਦੇ ਆਟੋਗਰਾਫ ਲੈਣ ਲਈ ਭੱਜਣ ਲੱਗੇ। ਬਿਆਸ ਪਿੰਡ ਵਾਸੀਆਂ ਨੇ ਫੌਜਾ ਸਿੰਘ ਨੂੰ ਮੋਢਿਆਂ 'ਤੇ ਚੁੱਕ ਲਿਆ। ਉਸ ਦੀ ਝੂਲਦੀ ਚਿੱਟੀ ਦਾੜ੍ਹੀ ਨਾਲ ਕੇਸਰੀ ਦਸਤਾਰ 'ਤੇ ਲੱਗੇ ਖੰਡੇ ਨੇ ਉਸ ਦੇ ਸਰੂਪ ਨੂੰ ਨਿਆਰਾ ਬਣਾ ਦਿੱਤਾ ਸੀ ਜਿਸ ਨਾਲ ਉਸ ਦੀ ਮਸ਼ਹੂਰੀ ਬਹੁਤ ਹੋ ਗਈ।

ਉਸ ਨੂੰ 2004, 2008 ਤੇ 2012 ਦੀਆਂ ਓਲੰਪਿਕ ਖੇਡਾਂ ਦੀ ਮਸ਼ਾਲ ਲੈ ਕੇ ਦੌੜਨ ਦਾ ਮਾਣ ਮਿਲਿਆ। ਉਹ ਜਦੋਂ ਲੰਡਨ ਓਲੰਪਿਕ 2012, ਦੀ ਮਸ਼ਾਲ ਲੈ ਕੇ ਦੌੜਿਆ ਤਾਂ ਰਸਤੇ ਵਿੱਚ ਛਬੀਲਾਂ ਅਤੇ ਲੰਗਰ ਲਗ ਗਏ ਸਨ ਜੋਕਿ ਓਲੰਪਿਕਸ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਸੀ। ਇੱਕੀਵੀਂ ਸਦੀ ਦੇ ਆਰੰਭ ਵਿੱਚ ਪੱਗ ਤੇ ਦਾੜ੍ਹੀ ਦੀ ਜਿੰਨੀ ਪਛਾਣ ਬਾਬਾ ਫੌਜਾ ਸਿੰਘ ਨੇ ਕਰਾਈ ਓਨੀ ਕਿਸੇ ਹੋਰ ਨੇ ਨਹੀਂ ਕਰਾਈ। ਉਹ ਰੌਣਕੀ ਤੇ ਸ਼ੌਕੀਆ ਬੰਦਾ ਸੀ। ਸਿਰੇ ਦਾ ਗਾਲੜੀ। ਬੇਫਿਕਰ, ਬੇਪ੍ਰਵਾਹ, ਬੇਬਾਕ, ਦਾਨੀ ਤੇ ਦਇਆਵਾਨ। ਉਹ ਕੁਦਰਤ ਦੇ ਰੰਗਾਂ ਵਿੱਚ ਰਾਜ਼ੀ ਸੀ। ਉਹ ਪ੍ਰਹੇਜ਼ਗਾਰ, ਸਿਰੜੀ, ਸਿਦਕੀ ਤੇ ਲੋਭ ਲਾਲਚ ਤੋਂ ਪਰ੍ਹੇ ਸੀ। ਜੇ ਉਹ ਚਾਹੁੰਦਾ ਤਾਂ ਮੈਰਾਥਾਨ ਦੌੜਾਂ ਦੇ ਸਿਰ 'ਤੇ ਜਿੰਨੇ ਮਰਜ਼ੀ ਪੈਸੇ ਕਮਾ ਲੈਂਦਾ। ਉਸ ਨੇ ਲੰਮੀ ਦੌੜ ਦਾ ਰਿਕਾਰਡ ਹੀ ਨਹੀਂ ਰੱਖਿਆ, ਬੇਲੋੜੀ ਮਾਇਆ ਦੇ ਤਿਆਗ ਦਾ ਰਿਕਾਰਡ ਵੀ ਕਾਇਮ ਕੀਤਾ। ਉਹ ਪੁੰਨ ਦੇ ਕਾਰਜਾਂ ਲਈ ਵੀ ਦੌੜਦਾ ਰਿਹਾ। ਚੈਰਟੀ ਲਈ ਇਕੱਠੇ ਹੋਏ ਪੈਸਿਆਂ ਵਿੱਚ ਥੋੜ੍ਹੇ ਬਹੁਤ ਆਪਣੇ ਵਲੋਂ ਵੀ ਪਾਉਂਦਾ ਰਿਹਾ। 2003 ਵਿੱਚ ਉਹ ਨਿਊਯਾਰਕ ਦੀ ਮੈਰਾਥਨ 'ਸਿੱਖ ਪਛਾਣ' ਲਈ ਦੌੜਿਆ। ਟੋਰਾਂਟੋ ਦੀ ਵਾਟਰ ਫਰੰਟ ਹਾਫ਼ ਮੈਰਾਥਨ ਵਿੱਚ ਉਹ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ' ਲਈ ਦੌੜਿਆ। ਬਾਬੇ ਨੂੰ ਬਰਤਾਨੀਆਂ ਦੀ ਮਹਾਂਰਾਣੀ ਐਲਿਜਾਬੈਥ ਨੇ ਸੌ ਸਾਲ ਦਾ ਸੀਨੀਅਰ ਸਿਟਜ਼ਨ ਹੋ ਜਾਣ ਦੀ ਵਧਾਈ ਦਿੱਤੀ ਤੇ ਸ਼ਾਹੀ ਮਹਿਲਾਂ ਵਿੱਚ ਖਾਣੇ 'ਤੇ ਸੱਦਿਆ। ਕਈ ਕੌਮਾਂਤਰੀ ਖੇਡ ਬਰਾਂਡਾਂ ਨੇ ਉਸ ਨੂੰ ਸਾਈਨ ਵੀ ਕੀਤਾ। 2004 ਵਿੱਚ ਲੋਕਾਂ ਨੇ ਉਸ ਨੂੰ ਸਪੋਰਟਸ ਵੇਅਰ ਨਿਰਮਾਤਾ ਕੰਪਨੀ ਐਡੀਡਾਸ ਦੀ ' ਇੰਪੌਸੀਬਲ ਇਜ਼ ਨਥਿੰਗ' ਮੁਹਿੰਮ ਵਿੱਚ ਵਿਸ਼ਵ ਪ੍ਰਸਿੱਧ ਖਿਡਾਰੀਆਂ ਡੇਵਿਡ ਬੈਕਹੈਮ ਅਤੇ ਮੁਹੰਮਦ ਅਲੀ ਨਾਲ ਖੜ੍ਹਾ ਦੇਖਿਆ। ਇਸ ਕੰਪਨੀ ਨੇ ਉਸ ਨੂੰ ਅੰਬੈਸੇਡਰ ਬਣਾ ਕੇ ਸੁਰਮਈ ਬੂਟਾਂ ਦਾ ਜੋੜਾ ਭੇਂਟ ਕੀਤਾ ਜਿਸ ਦੇ ਇੱਕ ਬੂਟ 'ਤੇ 'ਫੌਜਾ' ਅਤੇ ਦੂਜੇ 'ਤੇ 'ਸਿੰਘ' ਦਾ ਸਟਿੱਕਰ ਲੱਗਾ ਹੋਇਆ ਸੀ। ਉਸ ਦੇ ਕਮਰੇ ਦੀ ਅਲਮਾਰੀ ਖੇਡ ਸਨਮਾਨਾਂ ਨਾਲ ਭਰੀ ਪਈ ਹੈ। 2015 ਵਿੱਚ ਉਸ ਨੂੰ ਬ੍ਰਿਟਿਸ਼ ਐਂਪਾਇਰ ਨੇ ਮੈਡਲ ਨਾਲ ਸਨਮਾਨਿਤ ਕੀਤਾ। ਉਸ ਦਾ ਨਾਮ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿੱਚ ਦਰਜ ਹੈ। ਉਸ ਦੀਆਂ ਮੈਰਾਥਨ ਦੌੜ ਵਿੱਚ ਪ੍ਰਾਪਤੀਆਂ ਦੀ ਬਦੌਲਤ 13 ਨਵੰਬਰ, 2003 ਨੂੰ ਅਮਰੀਕਾ ਦੇ ਗਰੁੱਪ ਨੈਸ਼ਨਲ ਐਥਨਿਕ ਕੋਲੀਜ਼ਨ ਨੇ 'ਏਲਿਸ ਆਈਲੈਂਡ ਮੈਡਲ ਆਫ਼ ਆਨਰ' ਨਾਲ ਸਨਮਾਨਿਤ ਕੀਤਾ। ਬਰਤਾਨੀਆ ਦੇ ਇੱਕ ਸੰਗਠਨ ਨੇ ਉਸ ਨੂੰ 'ਪ੍ਰਾਈਡ ਆਫ਼ ਇੰਡੀਆ' ਦਾ ਖਿਤਾਬ ਦਿੱਤਾ।

ਫੌਜਾ ਸਿੰਘ ਠੇਠ ਪੰਜਾਬੀ ਸੀ। ਉਸ ਦਾ ਗੱਲ ਕਰਨ ਦਾ ਲਹਿਜਾ, ਖਾਣਾ-ਪੀਣਾ, ਰਹਿਣਾ-ਸਹਿਣਾ ਅਤੇ ਠਹਾਕੇ ਮਾਰਦਿਆਂ ਖੁਲ੍ਹ ਕੇ ਹੱਸਣਾ, ਗੱਲ ਨੂੰ ਭੁੰਜੇ ਨਾ ਪੈਣ ਦੇਣਾ ਸਭ ਕੁੱਝ ਪੰਜਾਬੀ ਖਾਸੇ 'ਚ ਰੰਗਿਆ ਹੋਇਆ ਸੀ। ਉਸ ਦੇ ਘਰਦਿਆਂ ਨੇ ਦੱਸਿਆ ਕਿ ਫੌਜਾ ਸਿੰਘ ਸਵੇਰ ਵੇਲੇ ਚਾਹ ਨਾਲ ਪਿੰਨੀਆਂ ਜ਼ਰੂਰ ਖਾਂਦਾ ਸੀ ਅਤੇ ਘਰ ਦੇ ਵਿਹੜੇ ਵਿੱਚ ਲੱਗੇ ਅੰਬ ਦੇ ਦਰਖਤ ਤੋਂ ਡਿਗੇ ਅੱਠ-ਦਸ ਅੰਬ ਰੋਜ਼ ਚੂਪ ਜਾਂਦਾ ਸੀ। ਉਹ ਭਰਪੂਰ ਜ਼ਿੰਦਗੀ ਜਿਉਣ ਦਾ ਸ਼ੌਕੀ ਸੀ। ਉਹ ਸੋਨੇ ਦਾ ਕੜਾ ਪਾ ਕੇ ਰਖਦਾ ਅਤੇ ਸੁਨਹਿਰੀ ਘੜੀ, ਰਾਡੋ ਬੰਨ੍ਹਦਾ ਸੀ ਜੋ ਉਸ ਨੇ ਸਾਢੇ ਤਿੰਨ ਪੌਂਡ ਦੀ ਖਰੀਦੀ ਹੋਈ ਸੀ। ਐਨਕ ਦੀ ਉਸ ਨੂੰ ਕਦੇ ਲੋੜ ਨਹੀਂ ਪਈ, ਦੰਦ-ਜਾੜ੍ਹਾਂ ਡੰਗਸਾਰੂ ਸਨ ਪਰ ਕੰਨਾਂ ਤੋਂ ਉੱਚਾ ਸੁਣਦਾ ਸੀ।

ਬਚਪਨ ਵਿੱਚ ਪੰਜ ਕਦਮ ਵੀ ਨਾ ਚੱਲ ਸਕਣ ਵਾਲੇ ਫੌਜਾ ਸਿੰਘ ਨੇ ਉਮਰ ਦੇ 80ਵਿਆਂ ਤੋਂ ਲੈ ਕੇ 110ਵਿਆਂ ਤੱਕ ਦੌੜ ਦੌੜ ਕੇ ਧਰਤੀ ਘਸਾ ਦਿੱਤੀ। ਆਖਰ ਉਸ ਦਾ ਅੰਤ 14 ਜੁਲਾਈ, 2025 ਨੂੰ ਉਹ ਦੇ ਘਰ ਕੋਲ ਹੀ ਸੜਕ ਹਾਦਸੇ ਵਿੱਚ ਹੋ ਗਿਆ। ਉਸ ਦੀ ਜੀਵਨ ਕਹਾਣੀ ਦਾ ਸਾਰ ਹੈ ਕਿ ਬੰਦੇ ਦੇ ਜੀਵਨ ਵਿੱਚ ਕਿੰਨੇ ਵੀ ਦੁੱਖ ਕਿਉਂ ਨਾ ਅਤਾਏ ਹੋਣ ਤੇ ਉਹ ਕਿੱਡੀ ਵੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇ ਉਹ ਹਿੰਮਤ ਨਾ ਹਾਰੇ ਤਾਂ ਕੁੱਝ ਵੀ ਕਰ ਸਕਦਾ ਹੈ। ਜੋ ਕੁੱਝ ਬਾਬਾ ਫੌਜਾ ਸਿੰਘ ਨੇ ਕੀਤਾ ਉਹ ਆਉਂਦੀਆਂ ਪੀੜ੍ਹੀਆਂ ਲਈ

* * * * *

........ਸਫ਼ਾ 10 ਦੀ ਬਾਕੀ

ਅਸੀਂ ਸ੍ਰੀ ਕਰਤਾਰ ਪੁਰ ਸਾਹਿਬ ਪੁੱਜੇ ਜਿੱਥੇ ਸਾਡੇ ਪਾਸਪੋਰਟ ਦੁਬਾਰਾ ਚੈਕ ਕੀਤੇ ਗਏ ਅਤੇ ਇਕ ਨਵਾਂ ਵੱਖਰਾ ਸਨਾਖਤੀ ਕਾਰਡ ਦਿੱਤਾ ਗਿਆ ਜਿਸ ਦੀ ਸਟਰਿਪ ਨੀਲੇ ਰੰਗ ਦੀ ਸੀ ਜਿਹੜੇ ਯਾਤਰੀ ਦਿਨ ਵੇਲੇ ਡੇਰਾ ਬਾਬਾ ਨਾਨਕ ਵਾਲੇ ਪਾਸੇ ਤੋਂ ਦਰਸ਼ਨ ਕਰਨ ਲਈ ਆਉਂਦੇ ਉਨਾਂ ਦੇ ਸਨਾਖਤੀ ਕਾਰਡ ਦੀ ਸਟਰਿਪ ਪੀਲੇ ਰੰਗ ਦੀ ਹੁੰਦੀ ਹੈ ਜੋ ਵਾਪਸੀ ਤੇ ਜਮਾਂ ਕਰਵਾਉਣੇ ਹੁੰਦੇ ਹਨ। ਰਾਤ ਸਮੇਂ ਪੂਰਨਮਾਸ਼ੀ ਦੇ ਚੰਦਰਮਾਂ ਦੀ ਦੁੱਧ ਵਰਗੀ ਸਫੈਦ ਅਤੇ ਠੰਡੀ ਰੋਸ਼ਨੀ ਵਿਚ ਬਹੁਤ ਹੀ ਖੁਲ੍ਹੇ ਅਤੇ ਚਿੱਟੇ ਸੰਗਮਰਮਰ ਫਰਸ਼ ਵਾਲੇ ਬਹੁਤ ਵੱਡੇ ਕੰਪਲੈਕਸ ਵਿਚ ਸ੍ਰੀ ਦਰਬਾਰ ਸਾਹਿਬ, ਕਰਤਾਰ ਪੁਰ ਸਾਹਿਬ ਦੀ ਖੂਬਸੂਰਤੀ ਨੂੰ ਮਨਮੋਹਕ ਬਣਾ ਰਹੀ ਸੀ। ਇੱਥੇ ਅਗਲੇ ਦਿਨ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਮਨੋਰੰਜਨ ਲਈ ਪਾਕਿਸਤਾਨੀ ਗਭਰੂਆਂ ਦੀਆਂ ਵਿਸ਼ੇਸ਼ ਟੀਮਾਂ ਦਾ ਇਕ ਬੜਾ ਵਧੀਆ ਕਬੱਡੀ ਮੈਚ ਕਰਵਾਇਆ ਗਿਆ। ਇਸ ਕਬੱਡੀ ਮੈਚ ਵਿਚ ਖਾਸ ਤੌਰ ਤੇ ਪਾਕਿਸਤਾਨ ਦੇ ਘੱਟ ਗਿਣਤੀ ਮਹਿਕਮੇ ਦੇ ਕੈਬਨਿਟ ਮੰਤਰੀ ਅਤੇ ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ, ਸ੍ਰੀ ਰਮੇਸ਼ ਸਿੰਘ ਅਰੋੜਾ ਅਤੇ ਇਵੈਕਿਊ ਬੋਰਡ ਦੇ ਵਧੀਕ ਸਕੱਤਰ ਜਨਾਬ ਸੈਫਉਲਾ ਖੋਖਰ ਪਹੁੰਚੇ ਅਤੇ ਮੈਚ ਦੇਖਣ ਆਈਆਂ ਸੰਗਤਾਂ ਨੂੰ ਜੀ ਆਇਆਂ ਕਿਹਾ। ਜਿਨ੍ਹਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਦੇ ਖੁਲ੍ਹੇ ਦਰਸ਼ਨ ਦੀਦਾਰੇ ਬਖਸ਼ੋ ਜੀ" ਦੇ ਪੂਰਨ ਹੋਣ ਤੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਕੀਤਾ।

ਬਾਕੀ ਅਗਲੇ ਅੰਕ ਵਿੱਚ ........

* * * * *

# ਇੱਕ ਗੱਲ ਜੇ ਮਨ ਲੱਗੇ

ਗੁਰਬਿੰਦਰ ਸਿੰਘ ਮਾਣਕ
ਖਰਲ ਕਲਾਂ



ਇਹ ਜੀਵਨ ਤਾਂ ਸਦਾ ਰਹਿਣਾ ਨਹੀਂ, ਹੌਲੀ ਹੌਲੀ ਜ਼ਿੰਦਗੀ ਦਾ ਸਫ਼ਰ ਚਲਦਿਆਂ ਹਰ ਮਨੁੱਖ ਨੇ ਹੀ ਦੇਰ-ਸਵੇਰ ਬੁਢਾਪੇ ਦੀ ਅਵਸਥਾ ਵਿੱਚ ਪਹੁੰਚਣਾ ਹੀ ਹੁੰਦਾ ਹੈ। ਸਰੀਰਕ ਸਮਰੱਥਾ ਦੇ ਕਮਜ਼ੋਰ ਹੋਣ ਨਾਲ ਮਨੁੱਖ ਬੇਬਸ ਤੇ ਲਾਚਾਰ ਹੋ ਕੇ ਰਹਿ ਜਾਂਦਾ ਹੈ। ਇਸ ਸਮੇਂ ਜੇ ਪਰਿਵਾਰ ਸਾਂਭ-ਸੰਭਾਲ ਕਰਨ ਵਾਲਾ ਹੋਵੇ ਤਾਂ ਜੀਵਨ ਦੇ ਚਾਰ ਦਿਹਾੜੇ ਚੰਗੇ ਲੰਘ ਜਾਂਦੇ ਹਨ। ਪਤਾ ਨਹੀਂ ਕੇਹੀ ਚੰਦਰੀ ਵਾਅ ਵਗਣ ਲਗ ਪਈ ਹੈ ਕਿ ਬਹੁਤੇ ਘਰਾਂ ਵਿੱਚ ਬਜ਼ੁਰਗ ਮਾਪਿਆਂ ਨੂੰ ਨਜ਼ਰਅੰਦਾਜ਼ ਕੀਤਾ ਜਾਣ ਲਗ ਪਿਆ ਹੈ। ਜਿਨ੍ਹਾਂ ਮਾਪਿਆਂ ਨੇ ਮਿਹਨਤ ਕਰਦਿਆਂ ਆਪਣੇ ਬੱਚਿਆਂ ਲਈ ਪੂਰੀ ਜ਼ਿੰਦਗੀ ਲੋੜਾਂ-ਥੁੜਾਂ ਤੇ ਕਿਰਸਾਂ ਕਰ ਕੇ ਗੁਜ਼ਾਰ ਦਿੱਤੀ ਹੁੰਦੀ ਹੈ, ਜੇ ਉਨ੍ਹਾਂ ਦੀ ਵੀ ਪੁੱਤਰਾਂ-ਧੀਆਂ ਵਲੋਂ ਬੁਢਾਪੇ ਵਿੱਚ ਦੇਖ-ਭਾਲ ਨਾ ਕੀਤੀ ਜਾਵੇ ਤਾਂ ਲਾਹਨਤ ਹੈ ਅਜਿਹੀ ਜ਼ਿੰਦਗੀ 'ਤੇ।

ਇਸ ਤਾਂ ਪਤਾ ਨਹੀਂ ਕਿ ਰੱਬ ਹੈ ਜਾਂ ਨਹੀਂ, ਪਰ ਸਿਆਣੇ ਕਹਿੰਦੇ ਹਨ ਕਿ ਜਿਸ ਘਰ ਵਿੱਚ ਬੁੱਢੇ ਮਾਪੇ ਰੁਲ਼ ਰਹੇ ਹੋਣ ਉਸ ਘਰ ਤੋਂ ਰੱਬ ਵੀ ਰੁੱਸ ਜਾਂਦਾ ਹੈ। ਘਰ ਦੇ ਜੀਅ ਮਾਪਿਆਂ ਦੀ ਸੇਵਾ ਛੱਡ ਕੇ ਜਿੰਨੇ ਮਰਜ਼ੀ ਪਾਠ-ਪੂਜਾ, ਤੀਰਥ-ਇਸ਼ਨਾਨ ਤੇ ਪੁੰਨ-ਦਾਨ ਕਰ ਲੈਣ ਪਰ ਜੇ ਮਾਪੇ ਹੀ ਦੁਖੀ ਹਨ ਤਾਂ ਸਭ ਕੁੱਝ ਵਿਅਰਥ ਹੈ। ਉਮਰ ਦੀ ਇਸ ਅਵਸਥਾ ਵਿੱਚ ਬਜ਼ੁਰਗ ਦੀਆਂ ਲੋੜਾਂ ਹੀ ਕਿੰਨੀਆਂ ਕੁ ਹੁੰਦੀਆਂ ਹਨ। ਲੋੜ ਕੇਵਲ ਇਹ ਹੁੰਦੀ ਹੈ ਕਿ ਉਨ੍ਹਾਂ ਨੂੰ ਸਮੇਂ ਸਿਰ ਰੋਟੀ-ਪਾਣੀ ਮਿਲ ਜਾਵੇ। ਕਦੇ-ਕਦੇ ਉਨ੍ਹਾਂ ਨੂੰ ਪੁੱਛ ਕੇ ਉਨ੍ਹਾਂ ਦੀ ਮਨਪਸੰਦ ਚੀਜ਼-ਵਸਤ ਖੁਆ ਦਿੱਤੀ ਜਾਵੇ ਤਾਂ ਉਹ ਤੁਹਾਡੇ ਲਈ ਅਸੀਸਾਂ ਦੀ ਝੜੀ ਲਾ ਦੇਣਗੇ। ਜੇ ਕੋਈ ਮਾਂ-ਬਾਪ ਕਿਸੇ ਸਮੇਂ ਕੌੜਾ-ਤੱਤਾ ਬੋਲ ਬੋਲ ਵੀ ਦੇਵੇ ਤਾਂ ਉਸ ਨਾਲ ਬੁਰਾ ਵਰਤਾਅ ਕਰਨ ਦੀ ਥਾਂ ਬਹੁਤ ਠਰ੍ਹੰਮੇ ਨਾਲ ਉਸ ਦੀ ਗੱਲ ਸੁਣਨ ਵਿੱਚ ਹੀ ਸਿਆਣਪ ਹੈ। ਜੇ ਇਹ ਸੋਚ ਲਈਏ ਕਿ ਹੁਣ ਉਮਰ ਦੇ ਇਸ ਪੜਾਅ 'ਤੇ ਬਜ਼ੁਰਗ ਨੇ ਤਾਂ ਆਪਣਾ ਸੁਭਾਅ ਬਦਲਣਾ ਨਹੀਂ, ਕਿਉਂ ਨਾ ਅਸੀਂ ਹੀ ਆਪਣਾ ਸੁਭਾਅ ਬਦਲ ਲਈਏ।

ਕਿਸੇ ਕੋਲ ਕਾਰੋਬਾਰ ਜਿੰਨਾ ਮਰਜ਼ੀ ਵੱਡਾ ਹੋਵੇ ਤੇ ਧਨ-ਦੌਲਤ ਵੀ ਭਾਵੇਂ ਹੋਵੇ, ਪਰ ਜੇ ਬੁੱਢੇ ਮਾਪਿਆਂ ਨੂੰ ਕੋਈ ਆਪਣੇ 'ਤੇ ਭਾਰ ਸਮਝਦਾ ਹੈ ਤਾਂ ਉਸ ਵਰਗਾ ਗਰੀਬ ਕੋਈ ਨਹੀਂ। ਬੁਢਾਪੇ ਵਿੱਚ ਮਾਪਿਆਂ ਨੂੰ ਕਈ ਰੋਗ ਲਗ ਜਾਂਦੇ ਹਨ, ਜਿਨ੍ਹਾਂ ਦੀ ਸਮੇਂ ਸਿਰ ਦਵਾ-ਦਾਰੂ ਵੀ ਜ਼ਰੂਰੀ ਹੁੰਦੀ ਹੈ। ਮਰਨ ਉਪਰੰਤ ਲੰਗਰ ਲਾਉਣ ਤੇ ਸਮਾਜ ਵਿੱਚ ਆਪਣੀ ਸ਼ੋਭਾ ਵਧਾਉਣ ਲਈ ਦਾਨ-ਪੁੰਨ ਕਰਨ ਨਾਲੋਂ ਇਹ ਹਜ਼ਾਰ ਦਰਜੇ ਬਿਹਤਰ ਹੈ ਕਿ ਬਜ਼ੁਰਗਾਂ ਦੀ ਦਿਲੋਂ-ਮਨੋਂ ਸੇਵਾ-ਸੰਭਾਲ ਕਰ ਲਈ ਜਾਵੇ। ਦਵਾਈ ਨਾਲੋਂ ਵੀ ਸਭ ਤੋਂ ਵੱਡੀ ਲੋੜ ਹੈ ਕਿ ਬਜ਼ੁਰਗਾਂ ਨੂੰ ਕਦੇ ਵੀ ਇਕੱਲਤਾ ਦਾ ਅਹਿਸਾਸ ਨਾ ਹੋਵੇ। ਉਨ੍ਹਾਂ ਕੋਲ ਬੈਠ ਕੇ ਗੱਲ-ਬਾਤ ਕਰਨੀ ਬਜ਼ੁਰਗਾਂ ਦੀ ਸਭ ਤੋਂ ਵੱਡੀ ਸੇਵਾ ਹੈ। ਇਸ ਨਾਲ ਉਨ੍ਹਾਂ ਨੂੰ ਮਾਨਸਿਕ ਤਸੱਲੀ ਦਾ ਅਹਿਸਾਸ ਹੋਵੇਗਾ। ਕਈ ਪੁੱਤ-ਨੂੰਹਾਂ ਤਾਂ ਬਜ਼ੁਰਗ ਬਾਪੂ-ਬੇਬੇ ਦੀ ਪੈਨਸ਼ਨ ਜਾਂ ਬੈਂਕ ਵਿੱਚ ਪਏ ਪੈਸਿਆਂ 'ਤੇ ਹੀ ਨਜ਼ਰ ਟਿਕਾਈ ਰੱਖਦੇ ਹਨ। ਜੇ ਬਜ਼ੁਰਗ ਪੈਸੇ ਦੇ ਦੇਣ ਤਾਂ ਚਾਰ ਦਿਹਾੜੇ ਬਹੁਤ ਵਧੀਆ ਸੇਵਾ ਹੁੰਦੀ ਹੈ ਪਰ ਕੁੱਝ ਦਿਨਾਂ ਬਾਅਦ ਹੀ ਬੁੱਢੇ ਮਾਪਿਆਂ ਨੂੰ ਕਈ ਤਰ੍ਹਾਂ ਦੇ ਤਾਹਨੇ-ਮਿਹਣੇ ਸੁਣਨੇ ਪੈਂਦੇ ਹਨ। ਸੁੱਖਾਂ ਸੁੱਖ ਕੇ ਲਏ ਪੁੱਤਰ ਵੀ ਬੁਢਾਪੇ ਵਿੱਚ ਬੇਬੱਸ ਮਾਪਿਆਂ ਨੂੰ ਆਪਣੇ 'ਤੇ ਬੋਝ ਸਮਝਣ ਲਗ ਜਾਂਦੇ ਹਨ। ਜੇ ਕਿਸੇ ਬਜ਼ੁਰਗ ਨੇ ਸਾਰੀ ਉਮਰ ਲਾ ਕੇ ਆਪਣਾ ਘਰ ਉਸਾਰਿਆ ਹੋਵੇ ਤੇ ਬੁਢਾਪੇ ਵਿੱਚ ਉਸ ਨੂੰ ਇੱਕ ਕਮਰਾ ਦੇਣ ਤੋਂ ਵੀ ਪੁੱਤਰ-ਨੂੰਹਾਂ ਨੱਕ-ਬੁਲ੍ਹ ਵੱਟਦੇ ਹੋਣ ਤਾਂ ਇਸ ਤੋਂ ਵੱਧ ਦੁਖਦਾਈ ਕਿਹੜੀ ਗੱਲ ਹੋ ਸਕਦੀ ਹੈ।

ਮਾਪੇ ਸੰਘਣੀਆਂ ਛਾਵਾਂ ਵਰਗੇ ਹੁੰਦੇ ਹਨ, ਜਿਹੜੇ ਆਪਣੇ ਪੁੱਤਰ-ਧੀਆਂ ਨੂੰ ਕਦੇ ਤੱਤੀ ਵਾਅ ਨਹੀਂ ਲੱਗਣ ਦਿੰਦੇ, ਭਾਵੇਂ ਆਪ ਧੁੱਪਾਂ ਵਿੱਚ ਝੁਲਸ ਜਾਣ। ਸਿਆਣੇ ਕਹਿੰਦੇ ਨੇ ਕਿ ਮਾਪਿਆਂ ਦੀ ਦੇਣ ਦਾ ਕਰਜ਼ਾ ਨਹੀਂ ਉਤਾਰਿਆ ਜਾ ਸਕਦਾ, ਇਸ ਨੂੰ ਤਾਂ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਬੁਢਾਪੇ ਵਿੱਚ ਮਾਪਿਆਂ ਨੂੰ ਖੁਸ਼ ਰੱਖ ਲਈਏ ਤਾਂ ਇਸ ਤੋਂ ਵੱਡਾ ਕੋਈ ਧਰਮ-ਕਰਮ ਨਹੀਂ। ਜੇ ਮਾਪਿਆਂ ਦੀ ਸੇਵਾ ਤੇ ਕੁਰਬਾਨੀ ਦਾ ਮਾਮੂਲੀ ਜਿਹਾ ਹਿੱਸਾ ਵੀ ਮੋੜ ਸਕੀਏ ਤਾਂ ਇਹ ਜੀਵਨ ਸਫ਼ਲਾ ਹੋ ਜਾਵੇਗਾ।

ਬਹੁਤ ਬਜ਼ੁਰਗ ਹਨ ਜਿਹੜੇ ਬੁਢਾਪੇ ਵਿੱਚ ਦੂਹਰੇ ਹੋਏ ਵੀ ਚੁਲ੍ਹਾ ਬਲਦਾ ਰੱਖਣ ਲਈ ਮੁਸ਼ੱਕਤ ਕਰਦੇ ਹਨ। ਬਿਨਾਂ ਔਲਾਦ ਜਾਂ ਔਲਾਦ ਦੇ ਸਤਾਏ ਬਜ਼ੁਰਗਾਂ ਦੀ ਦੇਖ-ਭਾਲ ਤੇ ਸੁਰੱਖਿਆ ਲਈ ਸਾਡੇ ਦੇਸ਼ ਵਿੱਚ ਕੋਈ ਪ੍ਰਬੰਧ ਨਹੀਂ ਹੈ। ਹਕੂਮਤਾਂ ਹਜ਼ਾਰ-ਬਾਰਾਂ ਸੌ ਦੇ ਕੇ ਹੀ ਸਮਝ ਲੈਂਦੀਆਂ ਹਨ ਕਿ ਅਸੀਂ ਬਹੁਤ ਵੱਡਾ ਕੰਮ ਕਰ ਲਿਆ ਹੈ। ਜਿੱਥੇ ਬੁਢਾਪਾ ਸੁਰੱਖਿਅਤ ਨਹੀਂ ਉੱਥੇ ਦੇਸ਼ ਦੀ ਤਰੱਕੀ ਦੇ ਦਾਅਵੇ ਖੋਖਲੇ ਹੁੰਦੇ ਹਨ। ਉਨ੍ਹਾਂ ਨੇ ਵੀ ਦੇਸ਼ ਦੇ ਨਿਰਮਾਣ 'ਚ ਹਿੱਸਾ ਪਾਇਆ ਹੈ। ਜੇ ਬੁਢਾਪੇ ਦੀ ਲਾਚਾਰੀ ਵਿੱਚ ਉਹ ਭੁੱਖੇ ਮਰਦੇ ਹਨ ਤਾਂ ਇਹ ਦੇਸ਼ ਲਈ ਸ਼ਰਮਸਾਰ ਹੋਣ ਵਾਲੀ ਗੱਲ ਹੈ।

❋ ❋ ❋ ❋ ❋

## ਬੱਲੇ ਓ ਪੰਜਾਬੀਓ

ਖੇਡ ਕਪਤਾਨਾਂ ਦਾ ਸੂਬਾ ਬਣਿਆਂ, ਪੰਜਾਬ



**ਸ਼ੁਭਮਨ ਸਿੰਘ ਗਿੱਲ**
ਕੈਪਟਨ, ਭਾਰਤੀ ਪੁਰਸ਼ ਕ੍ਰਿਕਟ ਟੀਮ



**ਹਰਪ੍ਰੀਤ ਕੌਰ**
ਕੈਪਟਨ ਭਾਰਤੀ ਮਹਿਲਾ ਕ੍ਰਿਕਟ ਟੀਮ



**ਹਰਮਨਪ੍ਰੀਤ ਸਿੰਘ**
ਕੈਪਟਨ, ਭਾਰਤੀ ਪੁਰਸ਼ ਹਾਕੀ ਟੀਮ



**ਪਾਲਪ੍ਰੀਤ ਸਿੰਘ ਬਰਾੜ**
ਕੈਪਟਨ, ਭਾਰਤੀ ਪੁਰਸ਼ ਬਾਸਕਟਬਾਲ ਟੀਮ

ਜਨਮ ਦਿਨ 'ਤੇ ਵਿਸ਼ੇਸ਼

ਅਮਰਜੀਤ ਸਿੰਘ
ਸੈਣੀ ਭਵਨ ਰੂਪਨਗਰ



## ਸ੍ਰੀ ਐਲ.ਆਰ. ਮੁੰਦਰਾ - ਇਕ ਕਰਮਯੋਗੀ ਸਖਸ਼ੀਅਤ

ਸ੍ਰੀ ਲੇਖ ਰਾਜ ਮੁੰਦਰਾ, ਸਹਾਇਕ ਕਮਿਸ਼ਨਰ ਆਫ ਪੁਲੀਸ, ਦਿੱਲੀ ਦਾ ਜਨਮ ਪਿੰਡ ਬੜੀ ਹਵੇਲੀ ਵਿਚ ਚੌਧਰੀ ਮੁਨਸ਼ੀ ਰਾਮ ਜੀ ਦੇ ਗ੍ਰਹਿ ਵਿਖੇ ਮਿਤੀ 1.10.1921 ਨੂੰ ਹੋਇਆ। ਉਨਾਂ ਨੇ ਬੀ.ਏ. ਦੀ ਪੜਾਈ ਦਿੱਲੀ ਯੂਨੀਵਰਸਿਟੀ ਤੋਂ ਕੀਤੀ ਅਤੇ ਰਾਇਲ ਇੰਡੀਅਨ ਏ.ਐਸ.ਸੀ ਵਿਚ ਵਾਇਸਰਾਏ ਦੇ ਕਮਿਸ਼ਨਡ ਅਫਸਰ ਵਜੋਂ ਆਪਣਾ ਕੈਰੀਅਰ ਸ਼ੁਰੂ ਕੀਤਾ। ਆਪ ਨੇ ਦੂਜੀ ਸੰਸਾਰ ਜੰਗ ਵਿਚ ਵੀ ਭਾਗ ਲਿਆ ਅਤੇ 3 ਮਈ, 1947 ਨੂੰ ਫੌਜ ਵਿਚੋਂ ਡਿਸਚਾਰਜ ਹੋ ਗਏ ਫਿਰ ਆਪ ਦਿੱਲੀ ਪੁਲੀਸ ਵਿਚ ਬਤੌਰ ਸਬ ਇੰਸਪੈਕਟਰ ਡਿਊਟੀ ਸੰਭਾਲ ਲਈ। ਆਪ ਨੇ ਆਪਣੀ ਇਸ ਸਰਵਿਸ ਦੌਰਾਨ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ, ਸ੍ਰੀ ਜਵਾਹਰ ਲਾਲ ਨਹਿਰੂ, ਦੂਜੇ ਪ੍ਰਧਾਨ ਮੰਤਰੀ, ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਅਤੇ ਫਿਰ ਸ੍ਰੀਮਤੀ ਇੰਦਰਾ ਗਾਂਧੀ ਨਾਲ ਬਤੌਰ ਨਿਜੀ ਸੁਰੱਖਿਆ ਸਟਾਫ ਵਿਚ ਡਿਊਟੀ ਕੀਤੀ।ਆਪ ਦੀਆਂ ਵਧੀਆ ਸੇਵਾਂਵਾਂ ਕਾਰਨ ਆਪ ਨੂੰ ਭਾਰਤ ਦੇ ਰਾਸਟਰਪਤੀ ਸ੍ਰੀ ਐਨ. ਸੰਜੀਵਾ ਰੈਡੀ ਜੀ ਦੇ ਨਿਜੀ ਸੁਰੱਖਿਆ ਅਧਿਕਾਰੀ ਨਿਯੁਕਤ ਕੀਤਾ ਗਿਆ।ਆਪ ਨੇ ਗਣਤੰਤਰ ਦਿਵਸ ਪੁਲੀਸ ਮੈਡਲ ਅਤੇ ਇੰਡੋ ਪਾਕ ਵਾਰ ਮੈਡਲ ਵੀ ਪ੍ਰਾਪਤ ਕੀਤਾ।ਆਪ 31.10.1979 ਨੂੰ ਬਤੌਰ ਸਹਾਇਕ ਪੁਲੀਸ ਕਮਿਸ਼ਨਰ ਦਿੱਲੀ ਰਿਟਾਇਰ ਹੋਏ।

ਰਿਟਾਇਰਮੈਂਟ ਉਪਰੰਤ ਆਪ ਨੇ ਆਪਣੀ ਜਨਮ ਭੂਮੀ ਨੂੰ ਆਪਣੀ ਕਰਮਭੂਮੀ ਬਣਾਇਆ ਅਤੇ ਸਮਾਜ ਸੇਵਾ ਵਿਚ ਲੱਗ ਗਏ।ਆਪ ਰੋਪੜ ਵਿਚ ਕਈ ਸਮਾਜਿਕ ਸੰਸਥਾਵਾਂ ਜਿਵੇਂ ਕਿ ਰੋਟਰੀ ਕਲੱਬ, ਰਾਧਾ ਸੁਆਮੀ ਸਤਸੰਗ ਸਭਾ, ਪੰਜਾਬ ਪੁਲੀਸ ਪੈਨਸ਼ਨਰਜ਼ ਭਲਾਈ ਐਸੋਸੀਏਸ਼ਨ, ਰਿਟਾਇਰਡ ਗਜਟਿਡ ਆਫੀਸਰਜ਼ ਐਸੋਸੀਏਸ਼ਨ ਆਫ ਦਿੱਲੀ ਪੁਲਿਸ, ਪਾਲੀਟੈਕਨਿਕ ਇੰਸਟੀਚਿਊਟ ਫਾਰ ਵੂਮੈਨ ਦੀ ਸਲਾਹਕਾਰ ਕਮੇਟੀ ਨਾਲ ਕੰਮ ਕਰਨ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਸੈਣੀ ਭਵਨ ਰੋਪੜ ਦੇ ਸੰਸਥਾਪਕ ਪ੍ਰਧਾਨ ਰਹੇ ਆਪ ਨੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸ਼ਟ, ਰੋਪੜ ਦੀ ਸਥਾਪਨਾ ਕੀਤੀ ਅਤੇ ਇਸ ਦੇ ਚੇਅਰਮੈਨ ਰਹੇ।ਆਪ ਨੇ ਆਪਣੇ ਨਿਜੀ ਘਰ ਨੂੰ ਬੇਸ਼ਹਾਰਾ ਲੋਕਾਂ ਦੀ ਸੇਵਾ ਲਈ ਸਰਸਵਤੀ ਦੇਵੀ ਮੁੰਦਰਾ ਚੈਰੀਟੇਬਲ ਟਰੱਸਟ ਬਣਾ ਕੇ ਦਾਨ ਕਰ ਦਿੱਤਾ। ਆਪ ਜੀ ਸਮਾਜ ਸੇਵਾ ਨੂੰ ਮਾਨਤਾ ਦਿੰਦੇ ਹੋਏ 26 ਜੂਨ, 2004 ਨੂੰ ਪੰਜਾਬ ਦੇ ਮੁੱਖ ਮੰਤਰੀ, ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ਵਲੋਂ ਪੰਜਾਬ ਸਰਕਾਰ ਦੀ ਤਰਫੋਂ ਸਨਮਾਨਤ ਕੀਤਾ ਗਿਆ। ਆਪ ਨੇ ਉਚ ਵਿਦਿਆ ਪ੍ਰਾਪਤ ਕਰਨ ਵਾਲੇ ਉਤਰੀ ਭਾਰਤ ਦੇ ਕਿਸੇ ਵੀ ਸੈਣੀ ਬਰਾਦਰੀ ਦੇ ਯੋਗ ਵਿਦਿਆਰਥੀ ਦੀ ਪੜਾਈ ਪੂਰੀ ਕਰਾਉਣ ਲਈ ਆਪਣੀ ਨਿਜੀ ਪੂੰਜੀ ਵਿਚੋਂ 70 ਲੱਖ ਦੀ ਰਾਸ਼ੀ ਦਾਨ ਵਜੋਂ ਦੇ ਕੇ ਉਸ ਦੇ ਵਿਆਜ ਨਾਲ ਇਕ ਵੱਖਰੀ ਸਕਾਲਰਸ਼ਿਪ ਸ਼ੁਰੂ ਕੀਤੀ ਜਿਸ ਨਾਲ ਹੁਣ ਤੱਕ ਲੱਗਭੱਗ 14 ਵਿਦਿਆਰਥੀ ਡਾਕਟਰੀ, ਇੰਨਜੀਅਰਿੰਗ, ਆਈ.ਆਈ.ਟੀ, ਆਈ.ਆਈ.ਐਮ, ਆਈ.ਐਸ.ਐਸ.ਈ ਆਰ ਵਰਗੀਆ ਵੱਕਾਰੀ ਸਿੱਖਿਆ ਸੰਸਥਾਵਾਂ ਵਿਚੋ ਵਿਦਿਆ ਪ੍ਰਾਪਤ ਕਰਕੇ ਯੋਗ ਅਤੇ ਹੁਸਿਆਰ ਵਿਦਿਆਰਥੀ ਉੱਚ ਅਹੁਦਿਆਂ ਤੇ ਸੇਵਾ ਨਿਭਾ ਰਹੇ ਹਨ। ਹਰ ਸਾਲ ਦੀ ਤਰਾਂ ਇਸ ਕਰਮਯੋਗ ਸ਼ਖਸ਼ੀਅਤ, ਸ੍ਰੀ ਐਲ. ਆਰ. ਮੁੰਦਰਾ ਜੀ ਦਾ ਜਨਮ ਪਹਿਲੀ ਅਕਤੂਬਰ ਨੂੰ ਉਨਾਂ ਵਲੋ ਬੇਸ਼ਹਾਰਾ ਬਜੁਰਗਾਂ ਲਈ ਸਥਾਪਤ ਕੀਤੇ "ਅਪਣਾ ਘਰ" ਵਿਚ ਮਨਾਇਆ ਜਾ ਰਿਹਾ ਹੈ।



Sh. LEKH RAJ MUNDRA
A.C.P. (Retd.) Delhi
Founder Chairman, Saini Bhawan, Rupnagar
1st Oct. 1921 —— 5th June 2017

❊ ❊ ❊ ❊ ❊



ਸੈਣੀ ਭਵਨ ਦੇ ਟਰੱਸਟੀ ਅਤੇ ਪ੍ਰਬੰਧਕ ਕਮੇਟੀ ਮੈਂਬਰ, ਪੰਜਾਬ ਵਿਚ ਆਏ ਭਿਆਨਕ ਹੜ੍ਹਾਂ ਤੋਂ ਪੀੜਤਾਂ ਦੀ ਮਾਲੀ ਮੱਦਦ ਕਰਨ ਲਈ 33600/- ਰੁਪਏ ਦੀ ਦਾਨ ਰਾਸ਼ੀ ਸੰਤ ਅਵਤਾਰ ਸਿੰਘ ਜੀ, ਗੁਰਦੁਆਰਾ ਹੈੱਡ ਦਰਬਾਰ ਕੋਟ ਪੁਰਾਣ ਨੂੰ ਭੇਟ ਕਰਦੇ ਹੋਏ।

ਸਿਹਤ ਵਿਗਿਆਨ

# ਚਮਤਕਾਰੀ ਰੁੱਖ - ਸੁਹੰਜਣਾ

ਡਾ. ਜਸਵੰਤ ਕੌਰ
ਸੈਣੀ ਭਵਨ ਰੂਪਨਗਰ



ਸੁਹੰਜਣਾ (ਮੋਰਿੰਗਾ ਉਲਿਫੇਰਾ) ਇੱਕ ਬਹੁਮੁੱਲਾ ਔਸ਼ਧੀ ਰੁੱਖ ਹੈ ਜਿਸ ਦੀਆਂ ਜੜ੍ਹਾਂ, ਪੱਤੇ, ਫੁੱਲ ਅਤੇ ਫਲ ਕਈ ਬਿਮਾਰੀਆਂ ਦੇ ਇਲਾਜ ਲਈ ਉਪਯੋਗੀ ਹਨ। ਇਸ ਨੂੰ 'ਜੀਵਨ ਦਾ ਰੁੱਖ' ਵੀ ਕਿਹਾ ਜਾਂਦਾ ਹੈ ਜੋ ਕਿ ਬਹੁਤ ਘੱਟ ਪਾਣੀ ਵਾਲੇ ਖੁਸ਼ਕ ਇਲਾਕਿਆਂ ਵਿੱਚ ਵੱਧਣ -ਫੁੱਲਣ ਦੇ ਸਮਰੱਥ ਹੈ। ਭਾਰਤ, ਇਸ ਰੁੱਖ ਦੇ ਉਤਪਾਦਨ ਦਾ ਮੁੱਖ ਦੇਸ਼ ਹੈ। ਇਸ ਨੂੰ ਬਹੁਤ ਘੱਟ ਖਾਦ ਅਤੇ ਦੇਖਭਾਲ ਦੀ ਲੋੜ ਪੈਂਦੀ ਹੈ। ਇਹ ਨੂੰ ਹੇਠ ਲਿਖੇ ਮੰਤਵਾਂ ਲਈ ਉਪਯੋਗੀ ਹੈ;-

-ਇਸ ਰੁੱਖ ਦੇ ਪੱਤਿਆਂ ਅਤੇ ਜੜ੍ਹਾਂ ਤੋਂ ਤਿੰਨ ਸੌ ਤੋਂ ਵੱਧ ਬਿਮਾਰੀਆਂ ਨੂੰ ਠੀਕ ਕਰਨ ਲਈ ਦਵਾਈਆਂ ਬਣਾਈਆਂ ਜਾਂਦੀਆਂ ਹਨ।

-ਇਸ ਦੇ ਪੱਤਿਆਂ ਅਤੇ ਜੜ੍ਹਾਂ ਤੋਂ ਵੇਅ ਪ੍ਰੋਟੀਨ ਤਿਆਰ ਕੀਤੀ ਜਾਂਦੀ ਹੈ ਜੋ ਕਿ ਸਰੀਰ ਦੀਆਂ ਮਾਸਪੇਸ਼ੀਆਂ ਦੇ ਵਾਧੇ, ਮੁਰੰਮਤ ਅਤੇ ਰੱਖ-ਰਖਾਵ ਲਈ ਲਾਭਦਾਇਕ ਹੈ।

-ਇਹ ਰੁੱਖ ਸਲਫਰਡਾਇਆਕਸਾਈਡ ਅਤੇ ਕਾਰਬਨਮੋਨੋਆਕਸਾਈਡ ਜਿਹੀਆਂ ਜਹਿਰੀਲੀਆਂ ਗੈਸਾਂ ਨੂੰ ਸੋਖਣ ਦੀ ਸਮਰਥਾ ਰਖਦਾ ਹੈ।

-ਇਸ ਦੀਆਂ ਫਲੀਆਂ ਅਤੇ ਜੜ੍ਹਾਂ ਦੇ ਅਚਾਰ ਦੀ ਵਰਤੋਂ ਕਰਨ ਨਾਲ ਬੁਢਾਪਾ ਜਲਦੀ ਨਹੀਂ ਆਉਂਦਾ ਅਤੇ ਚਮੜੀ ਜਵਾਨ ਰਹਿੰਦੀ ਹੈ।

-ਇਸ ਰੁੱਖ ਦੇ ਪੱਤਿਆਂ ਦੀ ਵਰਤੋਂ ਦਾਲ-ਸਬਜ਼ੀ ਵਿੱਚ ਰੋਜ਼ਾਨਾ ਕਰਨ ਨਾਲ ਸਰੀਰ ਰੋਗ-ਰਹਿਤ ਰਹਿੰਦਾ ਹੈ ਅਤੇ ਖੂਨ ਦੀ ਕਮੀ ਦੂਰ ਹੋ ਜਾਂਦੀ ਹੈ।

-ਇਸ ਰੁੱਖ ਦੇ ਪੱਤਿਆਂ ਵਿੱਚ ਗਾਜਰ ਨਾਲੋਂ ਦਸ ਗੁਣਾ ਵੱਧ ਵਿਟਾਮਿਨ ਏ, ਸੰਤਰੇ ਤੋਂ ਸੱਤ ਗੁਣਾ ਵਿਟਾਮਿਨ ਸੀ, ਬਦਾਮਾਂ ਤੋਂ ਬਾਰਾਂ ਗੁਣਾ ਵੱਧ ਵਿਟਾਮਿਨ ਈ, ਕੇਲੇ ਨਾਲੋਂ ਪੰਦਰਾਂ ਗੁਣਾ ਪੋਟਾਸ਼ੀਅਮ, ਦੁੱਧ ਤੋਂ ਸਤਾਰਾਂ ਗੁਣਾ ਵੱਧ ਪ੍ਰੋਟੀਨ ਅਤੇ ਪਾਲਕ ਤੋਂ ਪੱਚੀ ਗੁਣਾ ਵੱਧ ਲੋਹਾ ਹੁੰਦਾ ਹੈ।

-ਇਸ ਦੇ ਪੱਤਿਆਂ ਵਿੱਚ ਪਿੱਪਲ ਅਤੇ ਨਿੰਮ ਦੇ ਰੁੱਖਾਂ ਤੋਂ ਬਾਅਦ ਸਭ ਤੋਂ ਵੱਧ, ਚਾਰ ਕਿੱਲੋ ਕਾਰਬਨਡਾਇ ਆਕਸਾਈਡ ਨੂੰ ਸੋਖਣ ਦੀ ਸਮਰਥਾ ਹੁੰਦੀ ਹੈ।

-ਪੰਜ ਸਾਲ ਦਾ ਇੱਕ ਸੁਹੰਜਣਾ ਰੁੱਖ ਚਾਰ ਬੰਦਿਆਂ ਦੀ ਲੋੜ ਲਈ ਭਰਪੂਰ ਮਾਤਰਾ ਵਿੱਚ ਆਕਸੀਜਨ ਦੇ ਸਕਣ ਦੇ ਸਮਰੱਥ ਹੈ।

-ਇਸ ਰੁਖ ਦੀ ਮੌਜੂਦਗੀ ਨਾਲ ਬਦਬੂ ਖਤਮ ਹੋ ਜਾਂਦੀ ਹੈ।

(ਸਰੋਤ- ਰੋਟਰੀ ਕਲੱਬ ਰੋਪੜ, ਸੈਂਟਰਲ ਦਾ ਪਰਚਾ, 'ਹਰ ਘਰ ਮੋਰਿੰਗਾ')

ਚੇਤਾਵਨੀ-ਮੋਰਿੰਗਾ ਦੀ ਵਰਤੋਂ ਮਿਹਦੇ, ਦਿਲ ਅਤੇ ਬਲੱਡ ਪ੍ਰੈਸ਼ਰ ਤੋਂ ਪੀੜਤ ਵਿਅਕਤੀਆਂ ਨੂੰ ਨਹੀਂ ਕਰਨੀ ਚਾਹੀਦੀ ( ਸਰੋਤ-ਗੂਗਲ)



-ਔਸ਼ਧੀ ਬੂਟਿਆਂ/ਰੁੱਖਾਂ ਦੇ ਪੱਤਿਆਂ, ਜੜ੍ਹਾਂ, ਫੁੱਲਾਂ ਅਤੇ ਫਲਾਂ ਦੀ ਬਿਮਾਰੀਆਂ ਦੇ ਇਲਾਜ ਲਈ ਨਿਯਮਤ ਤੌਰ 'ਤੇ ਵਰਤੋਂ ਸ਼ੁਰੂ ਕਰਨ ਤੋਂ ਪਹਿਲਾਂ ਇਨ੍ਹਾਂ ਦੀ ਥੋੜ੍ਹੀ ਜਿਹੀ ਮਾਤਰਾ ਨਾਲ ਅਤੇ ਸੀਮਿਤ ਸਮੇਂ ਲਈ ਪਰਖ ਕਰਨੀ ਜ਼ਰੂਰੀ ਹੈ। ਹੋ ਸਕਦਾ ਹੈ ਇਹ ਕਿਸੇ ਸਰੀਰ ਲਈ ਉਪਯੁਕਤ ਨਾ ਹੋਣ।

* * * * *

## ਵਧਾਈ

ਜ਼ਿਲ੍ਹਾ ਰੂਪਨਗਰ ਦੇ ਪਿੰਡ ਬਹਾਦੁਰਪੁਰ ਦੀ ਸੈਣੀ ਸਰਪੰਚ **ਸ਼੍ਰੀਮਤੀ ਅਮਨਦੀਪ ਕੌਰ** ਪਤਨੀ ਸ. ਮਹਿੰਦਰ ਸਿੰਘ ਨੂੰ ਲਾਲ ਕਿਲ੍ਹਾ ਨਵੀਂ ਦਿੱਲੀ ਵਿਖੇ 15 ਅਗਸਤ, 2025 ਨੂੰ ਆਯੋਜਿਤ 79ਵੇਂ ਆਜ਼ਾਦੀ ਦਿਵਸ ਸਮੇਂ ਭਾਰਤ ਸਰਕਾਰ ਦੀ ਜਲ ਸ਼ਕਤੀ ਮਨਿਸਟਰੀ ਦੇ ਡਰਿੰਕਿੰਗ ਵਾਟਰ ਤੇ ਸੈਨੀਟੇਸ਼ਨ ਵਿਭਾਗ ਵਲੋਂ ਵਿਸ਼ੇਸ਼ ਮਹਿਮਾਨ ਵਜੋਂ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਸਨਮਾਨ ਆਪਣੇ ਪਿੰਡ ਦੇ ਹਰ ਘਰ ਵਿੱਚ 24 ਘੰਟੇ ਪਾਣੀ ਦੀ ਸਪਲਾਈ ਕਰਨ ਅਤੇ ਰਹਿੰਦ-ਖੂੰਹਦ ਦਾ ਵਧੀਆ ਢੰਗ ਨਾਲ ਨਿਪਟਾਰਾ ਕਰਨ ਲਈ ਦਿੱਤਾ ਗਿਆ ਹੈ। ਵਰਯਨਯੋਗ ਹੈ ਕਿ ਇਸ ਪਿੰਡ ਵਿੱਚ ਸਥਿਤ ਗਊਆਂ ਦੇ ਆਰ.ਐਸ.ਫਾਰਮ ਵਲੋਂ ਲਗਾਏ ਗਏ ਬਾਇਓਗੈਸ ਪਲਾਂਟ ਤੋਂ ਹਰ ਘਰ ਨੂੰ ਮੁਫ਼ਤ ਰਸੋਈ ਗੈਸ ਦੀ ਸਪਲਾਈ ਕੀਤੀ ਜਾਂਦੀ ਹੈ। ਇਸ ਪਿੰਡ ਵਿੱਚ ਸ਼ਹਿਰਾਂ ਵਾਂਗ ਸਟਰੀਟ ਲਾਈਟਾਂ ਅਤੇ ਸਾਫ਼ ਸੁਥਰੀਆਂ ਸੜਕਾਂ ਹਨ ਅਤੇ ਕੋਈ ਵੀ ਗੰਦੇ ਪਾਣੀ ਦੀ ਨਾਲ਼ੀ ਦਿਖਾਈ ਨਹੀਂ ਦਿੰਦੀ। ਇਸ ਪਿੰਡ ਦੀ ਪੰਚਾਇਤ ਨੂੰ 2015 ਵਿੱਚ ਰਾਸ਼ਟਰੀ ਪੁਰਸਕਾਰ ਹਾਸਲ ਹੋਇਆ ਸੀ। ਇਹ ਸਭ ਕੁੱਝ ਮਿਹਨਤੀ ਤੇ ਇਮਾਨਦਾਰ ਸਰਪੰਚ ਦੀ ਸਰਪ੍ਰਸਤੀ ਅਧੀਨ ਪਿੰਡ ਦੇ ਅਗਾਂਹਵਧੂ ਲੋਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਿਆ ਹੈ। ਸਰਪੰਚ ਅਮਨਦੀਪ ਕੌਰ ਦੀ ਇਸ ਸਫ਼ਲਤਾ ਸਦਕਾ ਸੈਣੀ ਬਰਾਦਰੀ ਦਾ ਮਾਣ ਨਾਲ ਸਿਰ ਉੱਚਾ ਹੋਇਆ ਹੈ। ਸੈਣੀ ਭਵਨ ਦੇ ਪ੍ਰਬੰਧਕ ਆਪ ਨੂੰ ਵਧਾਈ ਦਿੰਦਿਆਂ ਹੋਰ ਲੋਕ ਭਲਾਈ ਕਾਰਜ ਕਰਨ ਲਈ ਉਤਸਾਹਿਤ ਕਰਦੇ ਹਨ।

ਵਾਤਾਵਰਨ ਵਿਗਾੜ

# ਪਾਇ ਕੁਹਾੜਾ ਮਾਰਿਆ....

ਵਿਜੈ ਬੰਬੇਲੀ

ਪੰਜਾਬ ਸਿਰਫ਼ ਪੰਜ ਆਬਾਂ ਦੀ ਧਰਤੀ ਹੀ ਨਹੀਂ, ਪੰਜ ਰੁੱਤਾਂ ਦੀ ਵੀ ਧਰਤੀ ਹੈ। ਮਿੱਟੀ ਵਜੋਂ ਸਰਸ਼ਾਰ ਅਤੇ ਜੰਗਲਾਂ ਵਲੋਂ ਸਰਸਬਜ਼ ਕੁਦਰਤ ਸਾਡੇ ਉੱਤੇ ਮਿਹਰਬਾਨ ਸੀ। ਇਹ ਜੰਗਲਾਂ ਅਤੇ ਦਰਿਆਵਾਂ ਕਾਰਨ ਹੀ ਸੀ ਕਿ ਅਸੀਂ ਉਪਜਾਊ ਮਿੱਟੀ ਵਲੋਂ ਰੱਜੇ-ਪੁੱਜੇ ਸਾਂ ਅਤੇ ਮਿੱਤਰ ਜੀਵਾਂ ਤੇ ਪਸ਼ੂ ਧਨ ਵਜੋਂ ਵੀ ਮਾਲਾਮਾਲ। ਪਹਿਲ ਪਲੱਕੜਿਆਂ ਵਿੱਚ ਪੰਜਾਬ ਦਾ ਵਾਤਾਵਰਨੀ ਮਿਆਰ ਬੜਾ ਆਹਲਾ ਸੀ, ਆਬੋ-ਹਵਾ ਵਜੋਂ ਉੱਤਮ। ਅੱਜ ਪੰਜਾਬ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਖ਼ਤਰੇ ਵਿੱਚ ਹੈ। ਜੰਗਲਾਂ ਅਤੇ ਜਨੌਰਾਂ ਦਾ ਸਫ਼ਾਇਆ, ਜਲ-ਤੱਗੀਆਂ ਅਤੇ ਜਲ ਸੋਮਿਆਂ ਦਾ ਮਰ-ਮੁੱਕ ਜਾਣਾ, ਮਿੱਟੀ ਪਾਣੀ ਅਤੇ ਹਵਾ ਦਾ ਦੂਸ਼ਿਤ ਹੋਣਾ, ਆਉਣ ਵਾਲੇ ਸੰਕਟਾਂ, ਜਿਹੜੇ ਸੰਭਾਲੇ ਨਹੀਂ ਜਾਣੇ ਦੀ ਕਨਸੋ ਹਨ। ਸਾਡੀਆਂ ਖ਼ਾਸ ਕਰ ਕੇ ਹਾਕਮ ਜਮਾਤਾਂ ਦੀਆਂ, ਨਾਲਾਇਕੀਆਂ ਕਾਰਨ ਪੰਜਾਬ ਦੀਆਂ ਕਦਰਾਂ- ਕੀਮਤਾਂ, ਧਰੋਹਰ ਕੁਦਰਤੀ ਸੋਮੇ ਅਤੇ ਰੁੱਤਾਂ ਮਲੀਆਮੇਟ ਹੋ ਰਹੀਆਂ ਹਨ।

ਦਰਹਕੀਕਤ ਪੰਜਾਬ ਵੱਖ ਵੱਖ ਪਰਿਆਵਰਣਕ ਪ੍ਰਬੰਧਾਂ (ਈਕੋ ਸਿਸਟਮ) ਵਾਲਾ ਖਿੱਤਾ ਹੈ/ਸੀ, ਜਿਸ ਵਿੱਚ ਜੰਗਲ, ਪਹਾੜ, ਬਹੁ-ਪਰਤੀ ਕੰਢੀ ਖਿੱਤਾ, ਮੈਦਾਨ, ਜਲ-ਵਹਿਣ ਅਤੇ ਜਲ ਸੋਮੇ ਆਦਿ ਸ਼ੁਮਾਰ ਹਨ। ਲੋੜਾਂ ਅਤੇ ਸਭ ਕੁੱਝ ਇੱਕੋ ਵਾਰ ਹੂੰਝ ਲੈਣ ਦੀ ਬਿਰਤੀ ਤੇ ' ਹਰੀ ਕ੍ਰਾਂਤੀ' ਨੇ ਕੁਦਰਤੀ ਸਾਂਵੇਂਪਨ ਨੂੰ ਬੜਾ ਨੁਕਸਾਨ ਪਹੁੰਚਾਇਆ ਹੈ। ਸੱਚ ਹੈ ਕਿ ਹਰ ਖਿੱਤੇ ਦੀ ਸੱਭਿਅਤਾ ਦਾ ਜਨਮ ਕਿਸੇ ਨਦੀ ਦੇ ਕੰਢੇ ਹੋਇਆ ਹੈ। ਪਰ, ਇਹ ਵੀ ਝੂਠ ਨਹੀਂ ਕਿ ਹਰ ਸੱਭਿਅਤਾ ਦਾ ਪਤਨ ਵੀ ਬਾਂਝ ਕਰ ਦਿੱਤੀ ਗਈ ਮਿੱਟੀ ਕਾਰਨ ਹੀ ਹੋਇਆ। **ਕੁਦਰਤ ਲੋੜਾਂ ਦੀ ਪੂਰਤੀ ਕਰਦੀ ਹੈ, ਲਾਲਸਾਵਾਂ ਦੀ ਨਹੀਂ।** ਜਦੋਂ ਪੌਣ ਅਤੇ ਪਾਣੀ ਗੰਧਲੇ ਹੋ ਜਾਣ ਤਾਂ ਸੋਚਾਂ ਅਤੇ ਵਿਹਾਰ ਕੁਰਾਹੇ ਪੈ ਜਾਂਦਾ ਹੈ। ਪੰਜਾਬ, ਜਿਸ ਨੇ ਪਰੰਪਰਾਗਤ ਖੇਤੀ ਰਾਹੀਂ ਜੈਵਿਕ ਵਿਭਿੰਨਤਾ ਦਾ ਸੰਤੁਲਨ, ਕੁਦਰਤੀ ਜ਼ਰਖੇਜਤਾ ਗ੍ਰਹਿਣ ਕਰ ਲੈਣ ਦਾ ਅਮਲ ਅਪਣਾਇਆ ਹੋਇਆ ਸੀ, ਨੂੰ ਮੁਕੰਮਲ ਮਸ਼ੀਨਰੀ, ਰਸਾਇਣਕ ਅਤੇ ਹਾਈਬਰੈਂਡ ਖੇਤੀ ਦੇ ਕੁਰਾਹੇ ਪਾ ਦਿੱਤਾ ਗਿਆ ਹੈ। ਖੇਤ ਛੋਟੇ ਹੋ ਰਹੇ ਹਨ ਤੇ ਮਸ਼ੀਨਾਂ ਵੱਡੀਆਂ, ਖੇਤਾਂ ਵਿੱਚ ਹੁਣ ਮੌਤ ਉੱਗਦੀ ਹੈ।

ਪੰਜਾਬ ਵਿੱਚ ਗ਼ੈਰਕੁਦਰਤੀ, ਅਣਸਾਵੇਂ ਵਿਕਾਸ ਅਤੇ ਅਖੌਤੀ ਆਧੁਨਿਕਤਾ ਕਾਰਨ ਚੌਗਿਰਦੇ ਵਿੱਚ ਸਸਪੈਂਡਡ ਪਾਰਟੀਕਲਜ਼ ਮੈਟਰ, ਭਾਵ ਉਹ ਗ਼ੈਰ ਜ਼ਰੂਰੀ ਤੱਤ ਜਿਹੜੇ ਮਿੱਟੀ ਅਤੇ ਪੌਣਪਾਣੀ ਵਿੱਚੋਂ ਮਨਫ਼ੀ ਹੋਣੇ ਚਾਹੀਦੇ ਹਨ ਅਤੇ ਨਾਈਟਰੋਜਨ ਆਕਸਾਈਡ ਜ਼ਹਿਰ ਵਧ ਰਹੇ ਹਨ। ਹਵਾ ਵਿੱਚ ਐਸ.ਪੀ.ਐਮ ਦੀ ਮਾਤਰਾ 100 ਤੋਂ 200 ਮਾਈਕਰੋਗ੍ਰਾਮ ਹੋਣੀ ਚਾਹੀਦੀ ਹੈ ਪ੍ਰੰਤੂ ਇਹ 296 ਤੋਂ 586 ਮਾਈਕਰੋਗ੍ਰਾਮ ਪ੍ਰਤੀ ਘਣ ਮੀਟਰ ਹੋ ਗਈ ਹੈ। ਇਸੇ ਤਰ੍ਹਾਂ ਨਾਈਟਰੋਜਨ ਆਕਸਾਈਡ ਦੀ ਮਾਤਰਾ 30 ਮਾਈਕ੍ਰੋਗਰਾਮ ਪ੍ਰਤੀ ਕਿਊਬਿਕ ਮੀਟਰ ਹੋਣੀ ਚਾਹੀਦੀ ਹੈ, ਪਰ ਇਹ 56 ਤੱਕ ਪਹੁੰਚ ਗਈ ਹੈ। ਇਸ ਦਾ ਕਾਰਨ ਹੈ- ਘਣੀ ਖੇਤੀ, ਵਾਹਨਾਂ ਦੇ ਝੁੰਡ, ਬੇਨੱਥੇ ਉਦਯੋਗ ਅਤੇ ਧੂੰਆਂਰਾਲੀ। ਇਸ ਤੋਂ ਬਿਨਾਂ ਚੈਨ ਖੌਰੂ ਪ੍ਰਦੂਸ਼ਣ ਨੇ ਵੀ ਆਬੋ-ਹਵਾ ਅਤੇ ਜੀਵ-ਸੰਸਾਰ ਦੀ ਜੜ੍ਹੀਂ ਅੱਕ ਦਿੱਤਾ ਹੈ, ਬਨਾਵਟੀ ਖਾਦਾਂ ਅਤੇ ਨਦੀਨ ਤੇ ਕੀਟਨਾਸ਼ਕਾਂ ਨੇ ਵੀ ਘਾਣ ਕੀਤਾ ਹੈ, ਮਿੱਤਰ ਜੀਵ ਲੁਪਤ ਹੋ ਗਏ ਹਨ।

ਖੇਤਰਫਲ ਪੱਖੋਂ ਪੰਜਾਬ ਭਾਰਤ ਦੇ ਮੁਕਾਬਲੇ ਮਹਿਜ਼ ਡੇਢ ਫ਼ੀਸਦੀ ਰਕਬੇ ਦਾ ਮਾਲਕ ਹੈ ਪਰ ਇਹ ਭਾਰਤ ਦੀਆਂ ਕੁੱਲ ਖੇਤੀ ਜ਼ਹਿਰਾਂ ਦਾ ਪੰਜਵਾਂ ਹਿੱਸਾ ਵਰਤਦਾ ਹੈ ਅਤੇ ਕੁੱਲ ਬਨਾਵਟੀ ਖਾਦਾਂ ਦਾ ਤੀਜਾ ਹਿੱਸਾ, ਜਿਸ ਨੇ ਸਾਡੀ ਆਬੋ-ਹਵਾ ਅਤੇ ਧਨ ਹੂੰਝ ਲਿਆ ਹੈ। ਫਲੀਦਾਰ ਫ਼ਸਲਾਂ ਅਰਥਾਤ ਤੇਲ ਬੀਜ ਅਤੇ ਦਾਲਾਂ, ਜਿਹੜੀਆਂ ਮੋੜਵੇਂ ਰੂਪ ਵਿੱਚ ਮਿੱਤਰ ਕੀਟਾਂ ਅਤੇ ਮਿੱਟੀ ਨੂੰ ਵਿਗਸਣ ਤੇ ਸਿਹਤਯਾਬ ਹੋਣ ਲਈ ਬੜਾ ਕੁੱਝ ਦਿੰਦੀਆਂ ਸਨ, ਤਕਰੀਬਨ ਅਸੀਂ ਬੀਜਣੋਂ ਹਟਾ ਦਿੱਤੇ ਗਏ ਹਾਂ। ਇੱਕੋ ਤਰ੍ਹਾਂ ਦੀਆਂ ਫ਼ਸਲਾਂ ਨੇ ਮਿੱਟੀ , ਪਾਣੀ, ਮੌਸਮਾਂ ਸਮੇਤ ਪੌਦੇ ਅਤੇ ਜੀਵ ਵਿਭਿੰਨਤਾ ਨੂੰ ਲੈ ਬੈਠਣਾ ਹੈ। ਝੋਨਾ-ਕਣਕ ਦੋ ਫ਼ਸਲੀ ਚੱਕਰ ਜਾਂ ਹਾਈਬਰੈਂਡ ਨਰਮਾ ਪ੍ਰਣਾਲੀ ਜਾਂ ਸਿਰੇ ਦੀ ਬੇਮੌਸਮੀ ਸਬਜ਼ੀਆਂ ਤਹਿਤ ਵਰਤੀਆਂ ਮਣਾਂਮੂੰਹੀਂ ਰਸਾਇਣਕ ਖਾਦਾ ਅਤੇ ਨਦੀਨ-ਨਾਸ਼ਕਾਂ, ਉੱਲੀ ਨਾਸ਼ਕਾਂ ਅਤੇ ਕੀਟਨਾਸ਼ਕਾਂ ਨਾਲ 1:300 ਦੇ ਅਨੁਪਾਤ ਨਾਲ ਦੁਸ਼ਮਣ ਅਤੇ ਮਿੱਤਰ ਕੀੜਿਆਂ ਦਾ ਸਰਬਨਾਸ਼ ਅਰਥਾਤ ਇੱਕ ਦੁਸ਼ਮਣ ਨੂੰ ਮਾਰਨ ਲਈ 300 ਮਿੱਤਰ ਕੀੜਿਆਂ ਦੀ ਬਲੀ ਲੈ ਲਈ ਜਾਂਦੀ ਹੈ। ਇੱਕ ਵੰਨਗੀ ਦੇ ਪੌਦੇ ਜਾਂ ਜੀਵ ਖ਼ਤਮ ਹੋ ਜਾਣ ਨਾਲ ਉਸ ਵੰਨਗੀ ਉੱਤੇ ਨਿਰਭਰ 10 ਤੋਂ 20 ਵੰਨਗੀਆਂ ਦੇ ਜੀਵਾਂ ਦਾ ਜੀਵਨ ਖ਼ਤਰੇ ਵਿੱਚ ਪੈ ਜਾਂਦਾ ਹੈ। ਅਨਾਜ ਦੀ ਹਰ ਤੀਜੀ ਵੰਨਗੀ ਅਤੇ ਫ਼ਲਾਂ ਦੀਆਂ ਤਕਰੀਬਨ ਸਾਰੀਆਂ ਵੰਨਗੀਆਂ ਨੂੰ ਪਰਾਗਦਾਨੀ ਅਤੇ ਮੱਲ੍ਹੜ ਜੀਵਾ, ਗੰਡੋਇਆਂ ਆਦਿ ਦੀ ਮਦਦ ਦੀ ਲੋੜ ਪੈਂਦੀ ਹੈ। ਇਨ੍ਹਾਂ ਦੀ ਅਣਹੋਂਦ ਨਾਲ ਮਿਆਰੀ ਫ਼ਲ, ਸਬਜ਼ੀਆਂ ਅਤੇ ਅਨਾਜ ਪੈਦਾ ਕਰਨਾ ਅਸੰਭਵ ਹੈ। ਪਰ ਪੰਜਾਬ ਬਨਾਵਟੀ ਤਕਨੀਕਾਂ ਮਗਰ ਨੱਠਾ ਫਿਰਦਾ ਹੈ, ਪਛਤਾਓਗੇ।

ਮਸ਼ਹੂਰ ਖੇਤੀ ਵਿਗਿਆਨੀ ਸਵਾਮੀਨਾਥਨ ਨੇ ਪੰਜਾਬ ਨੂੰ ਖ਼ਬਰਦਾਰ ਕੀਤਾ ਸੀ " ਜੇਕਰ ਅਸੀਂ ਮਿੱਟੀ ਦੀ ਰਸਾਇਣ ਅਧਾਰਤ ਵਰਤੋਂ ਲਗਾਤਾਰ ਕਰਦੇ ਰਹੇ ਤਾਂ ਸਾਨੂੰ ਖੁਰਾਕ ਵਿੱਚ ਪੌਸ਼ਟਿਕ ਤੱਤਾਂ ਦੀ ਘਾਟ, ਮਿੱਟੀ ਦੀ ਉਪਜਾਊ ਸ਼ਕਤੀ ਗੁਆ ਬੈਠਣ ਅਤੇ ਮੌਸਮੀ ਵਿਗਾੜ ਦੇ ਰੂਪ ਤਿੰਨ ਸਿੱਟੇ ਭੁਗਤਣੇ ਪੈਣਗੇ" ਪੰਜਾਬ ਦਾ ਖੇਤੀ ਸੰਕਟ ਸਿਰਫ਼ ਸਰੋਤਾਂ ਦੀ ਸੁਚੱਜੀ ਵਰਤੋਂ ਦੀ ਘਾਟ ਦਾ ਹੀ ਸਿੱਟਾ ਨਹੀਂ ਸਗੋਂ ਕੁਦਰਤੀ

ਸਹਿਹੋਂਦ ਤੋਂ ਨਾਬਰ ਹੋਣ, ਵਿਗਿਆਨ ਦੀ ਅੰਨ੍ਹੇਵਾਹ, ਕਾਹਲਭਰੀ ਅਤੇ ਹੱਦੋਂ ਵੱਧ ਵਰਤੋਂ ਦਾ ਸਿੱਟਾ ਹੈ। ਅਸੀਂ ਅਗਲੀ ਤੇ ਬੰਪਰ ਫ਼ਸਲ ਬੀਜ਼ਣ ਅਤੇ ਤੀਲ਼ੀ ਲਾਣ ਲਈ ਕਾਹਲੇ ਹਾਂ। ਲੰਬੇ ਸਮੇਂ ਤੋਂ ਖ਼ੁਰਾਕ ਅਤੇ ਆਰਥਿਕ ਯੋਜਨਾਵਾਂ ਸਬੰਧੀ ਇਹ ਸੋਚ ਕਿ 'ਉਤਪਾਦਨ ਕਿਸੇ ਵੀ ਕੀਮਤ 'ਤੇ ਮਹਿੰਗਾ ਨਹੀਂ' ਨੇ ਕੁਦਰਤੀ ਸਰੋਤਾਂ ਦੀ, ਦਰ-ਹਕੀਕਤ ਸਾਡੀ ਤਬਾਹੀ ਕੀਤੀ ਹੈ। ਕੁਦਰਤੀ ਸਰੋਤਾਂ ਵਿੱਚ ਮਿੱਟੀ, ਪਾਣੀ ਅਤੇ ਹਵਾ ਅਹਿਮ ਤੱਤ ਹਨ। ਅਸੀਂ ਇਨ੍ਹਾਂ ਨੂੰ ਜ਼ਹਿਰੀਲੇ ਕਰਨ, ਮੁਕਾਉਣ ਅਤੇ ਗੰਧਲਾ ਕਰਨ ਵਿੱਚ ਲੱਗੇ ਹੋਏ ਹਾਂ।

ਸਾਰਾ ਉਲਾਂਭਾ ਆਧੁਨਿਕ ਖੇਤੀ ਨੂੰ ਹੀ ਨਹੀਂ ਦਿੱਤਾ ਜਾ ਸਕਦਾ। ਇੱਕ ਸਾਫ਼ਟ ਡਰਿੰਕ ਬਨਾਉਣ ਲਈ 15 ਲੀਟਰ ਪਾਣੀ ਦੀ ਖਪਤ, ਲਿਟਰ ਕੁ ਬੀਅਰ ਵਾਇਨ ਹਿਤ 25 ਲੀਟਰ ਅਤੇ ਇੱਕ ਯੂਨਿਟ ਮੋਟਰ/ਕਾਰ ਲਈ 4 ਲੱਖ ਲੀਟਰ ਪਾਣੀ ਹੂੰਝ-ਵਰਤ ਜਾਂ ਗੰਧਲਾ ਕਰ ਦਿੱਤਾ ਜਾਂਦਾ ਹੈ। ਹੋਰ ਤਾਂ ਹੋਰ ਚਾਰ-ਪੰਜ ਸੌ ਕਮਰਿਆਂ ਵਾਲਾ 'ਸਟਾਰ ਹੋਟਲ' ਰੋਜ਼ਾਨਾ 6 ਲੱਖ ਲੀਟਰ ਪਾਣੀ ਨਾਲੀਆਂ 'ਚ ਰੋੜ੍ਹ ਦਿੰਦਾ ਹੈ। ਇੱਕ ਸਾਧਾਰਨ ਜਿਹੀ ਡਿਸਟਿੱਲਰੀ ਜਿਹੜੀ ਪ੍ਰਤੀ ਦਿਨ 40 ਹਜ਼ਾਰ ਲੀਟਰ ਸ਼ਰਾਬ ਬਣਾਉਂਦੀ ਹੈ, ਰੋਜ਼ਾਨਾ 5 ਲੱਖ ਲੀਟਰ ਰਹਿੰਦ-ਖੂਹੰਦ ਪੈਦਾ ਕਰ ਕੇ ਜਲ-ਵਹਿਣਾ ਵਿੱਚ ਜਾਂ ਧਰਤੀ ਵਿੱਚ ਭੇਜ ਦਿੰਦੀ ਹੈ। ਇਹੀ ਹਾਲ ਊਨੀ-ਸੂਤੀ ਕੱਪੜਾ, ਡਾਇੰਗ, ਨਿਕਲ ਅਤੇ ਰੰਗਾਈ ਕਾਰਖਾਨਿਆਂ ਦਾ ਹੈ। ਵਾਤਾਵਰਨੀ ਸੁਰੱਖਿਅਤ ਨਿਯਮ ਇਸ ਨਿਕਾਸ ਨੂੰ ਜਲ-ਵਹਿਣ 'ਚ ਰੋੜ੍ਹਨ ਲਈ 30 ਤੋਂ 100 ਮਿਲੀਗ੍ਰਾਮ ਪ੍ਰਤੀ ਲੀਟਰ ਆਗਿਆ ਦਿੰਦੇ ਹਨ। ਪਰ ਸਾਡੇ ਕਾਰਖਾਨੇ 50 ਹਜ਼ਾਰ ਮਿਲੀਗ੍ਰਾਮ ਪ੍ਰਤੀ ਲੀਟਰ ਭਾਵ ਕਿ ਭਿਆਨਕ ਦਰ ਨਾਲ ਪਾਣੀ ਨੂੰ ਡੋਲ੍ਹ ਰਹੇ ਹਨ। ਸਿੱਟੇ ਵਜੋਂ ਪੰਜਾਬ ਦੀ ਧਰਤੀ ਸ਼ੁੱਧ ਪਾਣੀ ਨੂੰ ਤਰਸ ਰਹੀ ਹੈ।

ਇਹੀ ਕਾਰਨ ਹੈ ਕਿ ਸਾਡੇ ਜਲ ਸਰੋਤਾਂ 'ਤੇ ਕਬਜ਼ਿਆਂ ਦੀ ਸਾਜਿਸ਼ ਰਚੀ ਜਾ ਰਹੀ ਹੈ ਅਤੇ ਬੋਤਲਬੰਦ ਪਾਣੀ ਦੇ ਨਾਂ ਉੱਤੇ ਸਾਡਾ ਬਹੁਪਰਤੀ ਸੋਸ਼ਣ ਹੋਣਾ ਸ਼ੁਰੂ ਹੋ ਗਿਆ ਹੈ। ਇਕੱਲੀ ਕੋਕਾ ਕੋਲਾ ਕੰਪਨੀ ਸਾਲਾਨਾ 355 ਕਰੋੜ ਲੀਟਰ ਪਾਣੀ ਦੀ ਖਪਤ ਕਰਦੀ ਹੈ ਜਿਸ ਨਾਲ 24 ਹਜ਼ਾਰ ਏਕੜ ਜ਼ਮੀਨ ਦੀ ਸਿੰਜਾਈ ਕੀਤੀ ਜਾ ਸਕਦੀ ਹੈ। ਇਹ ਸਾਡੇ ਸਾਲਾਨਾ 8 ਹਜ਼ਾਰ ਕਰੋੜ ਰੁਪਏ ਹੀ ਨਹੀਂ ਲੁੱਟਦੀ ਸਗੋਂ ਕਈ ਹੋਰ ਅਲਾਮਤਾਂ ਵੀ ਖੜ੍ਹੀਆਂ ਕਰ ਰਹੀ ਹੈ। ਪੰਜਾਬ ਦੇ ਪ੍ਰਦੂਸ਼ਣ, ਚਾਹੇ ਉਹ ਜਲ ਪ੍ਰਦੂਸ਼ਣ ਹੈ, ਥਲ ਪ੍ਰਦੂਸ਼ਣ ਹੈ ਜਾਂ ਹਵਾ ਤੇ ਸ਼ੋਰ ਪ੍ਰਦੂਸ਼ਣ ਦਾ ਵੱਡਾ ਹਿੱਸਾ ਉਦਯੋਗਾਂ ਆਦਿ ਦੁਆਰਾ ਫੈਲਾਇਆ ਜਾਂਦਾ ਹੈ। ਭਾਵੇਂ ਸ਼ੋਰ ਪ੍ਰਦੂਸ਼ਣ ਦੇ ਮੁੱਖ ਕਾਰਨ ਸਪੀਕਰ ਅਤੇ ਵਾਹਨ ਹਨ ਪਰ ਇਸ ਨੂੰ ਜਜ਼ਬ ਕਰਨ ਵਾਲੇ ਜੰਗਲ-ਬੇਲੇ ਵੀ ਅਸੀਂ ਵੱਢ-ਟੁੱਕ ਦਿੱਤੇ ਹਨ। ਪੰਜਾਬ ਸ਼ੁੱਧ ਹਵਾ ਦੇ ਭੰਡਾਰ ਅਤੇ ਖੁਸ਼ਗਵਾਰ ਮੌਸਮਾਂ ਦੇ ਪੂਰਕ ਜੰਗਲਾਂ, ਜਿਹੜੇ ਜ਼ਹਿਰਾਂ ਸਮੇਟਣ ਵਾਲੇ ਨੀਲ ਕੰਠ ਸਨ, ਵਲੋਂ ਵੀ ਹੱਥ ਧੋ ਬੈਠਾ ਹੈ। ਕੁਦਰਤੀ ਸਾਵੇਂਪਣ ਲਈ ਕੁੱਲ ਰਕਬੇ 'ਤੇ 33% ਰੁੱਖ ਹੋਣੇ ਚਾਹੀਦੇ ਹਨ। ਇਸ ਪੱਖੋਂ ਪੰਜਾਬ ਦੀ ਦਸ਼ਾ ਬੜੀ ਹੀ ਤਰਸਯੋਗ ਹੈ, ਮਹਿਜ਼ 6% ਦਰਖਤ ਹਨ। ਬ੍ਰਿਖਾਂ ਦੀ ਅਣਹੋਂਦ ਕਾਰਨ ਹਵਾ ਵਿੱਚ ਜ਼ਹਿਰਾਂ ਖ਼ਾਸ ਕਰ ਕੇ ਕਾਰਬਨਡਾਇਆਕਸਾਈਡ ਵਧ ਰਹੀ ਹੈ ਜਿਸ ਨੂੰ ਸਿਰਫ਼ ਪ੍ਰਕਾਸ਼ ਸੰਸਲੇਸ਼ਣ ਰਾਹੀਂ ਰੁੱਖ ਹੀ ਆਕਸੀਜਨ 'ਚ ਤਬਦੀਲ ਕਰਨ ਦੇ ਸਮਰੱਥ ਹਨ। ਪੰਜਾਬ 'ਚ ਘਟਦੀ ਬਰਸਾਤ ਪਰ ਐਲਰਜੀ ਤੇ ਸਾਹ ਰੋਗਾਂ ਦੀ ਵਧਦੀ ਮਿਕਦਾਰ ਦਾ ਵੱਡਾ ਕਾਰਨ ਦਰਖਤਾਂ ਦੀ ਕਮੀ ਹੈ।

ਸਿਰਫ਼ ਦਰਖਤਾਂ ਦੀ ਕਮੀ ਹੀ ਨਹੀਂ, ਵਧ ਰਿਹਾ ਕੰਕਰੀਟ-ਕਲਚਰ, ਪਲਾਸਟਿਕ, ਬੇਤਹਾਸ਼ਾ ਵਹੀਕਲਜ਼ ਤੇ ਹੁਣ ਮੋਬਾਇਲ ਕਲਚਰ, ਕੂੜਾ-ਕਰਕਟ, ਧੜਵੈਲ ਇਮਾਰਤਾਂ ਵਿੱਚ ਅਤੇ ਸੜਕਾਂ 'ਤੇ ਖੌਰੂ ਪਾਉਂਦਾ 'ਰੱਬ' ਪੈਟਰੋਲੀਅਮ ਪਦਾਰਥਾਂ ਤੇ ਏਅਰਕੰਡੀਸ਼ਨਰਾਂ-ਰੈਫਰੀਜੀਰੇਟਰਾਂ ਦੀ ਗ਼ੈਰਜ਼ਰੂਰੀ ਵਰਤੋਂ , ਫੈਸ਼ਨ-ਇਸ਼ਤਿਹਾਰ-ਮੰਡੀਵਾਦ ਅਤੇ 'ਭੌਤਿਕ ਸਹੂਲਤਾਂ' ਮਗਰ ਹਾਫ਼ੜੀ ਦੌੜ, ਜਾਣੀਕਿ ਖੱਪਤਵਾਦ ਵੀ ਪੰਜਾਬ ਦੀ ਫ਼ਿਜ਼ਾ ਵਿਗਾੜਨ ਵਿੱਚ ਹਿੱਸਾ ਪਾ ਰਿਹਾ ਹੈ। ਵਾਤਾਵਰਨ ਦੀ ਸਮੱਸਿਆ ਅੱਜ ਪੂਰੇ ਵਿਸ਼ਵ ਦੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਭਾਰਤ ਦੁਨੀਆਂ ਦਾ ਪਹਿਲਾ ਦੇਸ਼ ਹੈ ਜਿਸ ਨੇ 1976 ਵਿੱਚ ਵਾਤਾਵਰਨ ਅਤੇ ਕੁਦਰਤੀ ਸਰੋਤਾਂ ਦੀ ਰੱਖਿਆ ਲਈ ਐਕਟ, ਹਵਾ-ਪ੍ਰਦੂਸ਼ਣ ਦੀ ਰੋਕਥਾਮ ਲਈ ਐਕਟ 1981 ਅਤੇ 1986 ਵਿੱਚ ਸ਼ੋਰ ਪ੍ਰਦੂਸ਼ਣ ਐਕਟ ਲਿਆਂਦੇ ਹਨ। ਇਸ ਤੋਂ ਬਾਅਦ ਵੀ ਕਈ ਸੋਧਾਂ ਅਤੇ ਹੋਰ ਕਾਨੂੰਨਾਂ ਤਹਿਤ ਵਾਤਾਵਰਨੀ ਫ਼ਰਜ਼ਾਂ ਅਤੇ ਅਮਲ ਯਕੀਨੀ ਬਨਾਉਣ ਹਿਤ ਸੰਬੰਧਿਤ ਕਾਨੂੰਨਾਂ ਨੂੰ ਹੋਰ ਪੱਕੇ ਪੈਰੀਂ ਕੀਤਾ। ਪਰ ਸਿਆਸੀ ਇੱਛਾ ਸ਼ਕਤੀ ਦੀ ਘਾਟ, ਬਦਨੀਤੀ ਅਤੇ ਰਿਸ਼ਵਤਾਂ ਦੇ ਝੱਸ, ਸਿਆਸੀ ਫੰਡਾਂ ਤੇ ਵੋਟਾਂ ਦੀ ਹਿਰਸ ਕਾਰਨ ਸਭ ਵਿਅਰਥ।

ਕੀ ਸਿਰਫ਼ ਸਰਕਾਰਾਂ ਹੀ ਜ਼ਿੰਮੇਵਾਰ ਹਨ? ਨਹੀਂ, ਕਸੂਰ ਸਾਡਾ ਵੀ ਹੈ। ਹੋਰ ਤਾਂ ਹੋਰ ਅਸੀਂ ਚੌਗਿਰਦੇ ਅਤੇ ਵਾਤਾਵਰਨ ਸਬੰਧੀ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਤੇ ਹੁਕਮਾਂ ਨੂੰ ਵੀ ਟਿੱਚ ਜਾਣਿਆਂ। ਸਿਰਫ਼ 'ਸਰਕਾਰ ਜੀ' ਨੇ ਹੀ ਨਹੀਂ ਸਗੋਂ ਜਨਤਾ ਨੇ ਵੀ। 'ਜਨਤਾ' ਜੀ ਹਾਂ, ਮਿਸਾਲ ਵਜੋਂ ਤੁਸੀਂ ਅਕਾਲਤਖਤ ਸਾਹਿਬ ਵਲੋਂ 'ਕੰਨ -ਪਾੜਵੇਂ ਪ੍ਰਵਚਨਾਂ' ਨੂੰ ਸਹਿਜ ਅਤੇ ਸਿਰਫ਼ 'ਧਾਰਮਿਕ ਇਮਾਰਤ' ਦੀ ਹਦੂਦ ਅੰਦਰ ਰੱਖਣ ਦੇ 'ਹੁਕਮਨਾਮੇ; 'ਤੇ ਕੀਤੇ ਜਾ ਰਹੇ 'ਅਮਲ' ਨੂੰ ਵਾਚ ਸਕਦੇ ਹੋ। ਹਾਂ, ਚੌਗਿਰਦਾ ਵਿਗਾੜਾਂ ਨੂੰ ਜਰਬਾਂ ਦੇਣ ਵਿੱਚ 'ਸਿਆਸੀ ਬੁਰਜ', 'ਨਿੱਜ ਅਤੇ ਹਾਕਮਪ੍ਰਸਤ ਅਧਿਆਤਮਵਾਦੀ' ਅਤੇ 'ਧੜਵੈਲ ਧਨਕੁਬੇਰ' ਮੋਹਰੀ ਹਨ: ਪਰ ਪੈਰੀਂ ਕੁਹਾੜਾ ਮਾਰਨ ਵਿੱਚ ਪਿੱਛੇ ਅਸੀਂ-ਤੁਸੀਂ ਵੀ ਨਹੀਂ।

# ਭਾਰਤੀ ਲੋਕਤੰਤਰ ਨੇ ਗੁਆਈ ਸਾਰਥਿਕਤਾ

ਸ਼ਮਿੰਦਰ ਸਿੰਘ
ਭੱਕੂਮਾਜਰਾ



ਭਾਰਤ ਦੇਸ਼ ਦੀ ਆਜ਼ਾਦੀ ਲਈ ਚੱਲੇ ਅੰਦੋਲਨ ਦਾ ਭਾਵੇਂ ਆਬਾਦੀ ਦੇ ਬਹੁਤ ਵੱਡੇ ਹਿੱਸੇ ਵਲੋਂ ਲਗਾਤਾਰ ਵਿਰੋਧ ਕੀਤਾ ਗਿਆ। ਇਸ ਦੌਰਾਨ ਬਹੁਤੇ ਆਗੂ ਆਜ਼ਾਦੀ ਅੰਦੋਲਨ ਤੋਂ ਕਿਨਾਰਾ ਕਰ ਕੇ ਵਿਚਰਦੇ ਰਹੇ। ਇਸ ਦੇ ਬਾਵਜੂਦ ਪੰਜਾਬੀਆਂ ਅਤੇ ਵਿਸ਼ੇਸ਼ ਕਰ ਕੇ ਸਿੱਖਾਂ ਦੇ ਆਜ਼ਾਦੀ ਤੇ ਸਰਬੱਤ ਦੇ ਭਲੇ ਲਈ ਜਨੂੰਨ ਕਾਰਨ ਭਾਰਤ ਨੂੰ ਆਜ਼ਾਦੀ ਮਿਲ ਗਈ। ਭਾਰਤ ਨੇ ਆਜ਼ਾਦੀ ਉਪਰੰਤ ਦੇਸ਼ ਅੰਦਰ ਮੁੱਖ ਤੌਰ 'ਤੇ ਬਰਤਾਨਵੀ ਲੋਕਤੰਤਰ ਪ੍ਰਣਾਲੀ ਨੂੰ ਅਪਣਾਇਆ ਜੋ ਕਿ ਆਪਣੀਆਂ ਸ੍ਰੇਸ਼ਟ ਪ੍ਰੰਪਰਾਵਾਂ 'ਤੇ ਆਧਾਰਿਤ ਹੈ। ਦੇਸ਼ ਦੇ ਰਾਜ ਪ੍ਰਬੰਧ ਨੂੰ ਚਲਾਉਣ ਲਈ ਸੰਵਿਧਾਨ ਤਿਆਰ ਕਰਨ ਲਈ ਇੱਕ ਸੰਵਿਧਾਨ ਘੜਨੀ ਸਭਾ ਦਾ ਗਠਨ ਕੀਤਾ ਗਿਆ ਜਿਸ ਦਾ ਮੁਖੀ ਉਸ ਸਮੇਂ ਦੇ ਮਹਾਨ ਵਿਦਵਾਨ, ਦਲਿਤਾਂ, ਆਦਿਵਾਸੀਆਂ, ਪਛੜਿਆਂ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਮਸੀਹਾ ਬਾਬਾ ਸਾਹਿਬ ਸ਼੍ਰੀ ਭੀਮ ਰਾਉ ਅੰਬੇਦਕਰ ਨੂੰ ਨਿਯੁਕਤ ਕੀਤਾ ਗਿਆ। ਅੰਬੇਦਕਰ ਜੀ ਨੇ ਗੌਰਮਿੰਟ ਆਫ਼ ਇੰਡੀਆ ਐਕਟ, 1935 ਦੇ ਆਧਾਰ 'ਤੇ ਸੰਵਿਧਾਨ ਤਿਆਰ ਕਰਕੇ ਦੇਸ਼ ਨੂੰ ਸੌਂਪਿਆ। ਇਸ ਵਿੱਚ ਦੁਨੀਆਂ ਦੇ ਬਿਹਤਰੀਨ ਸੰਵਿਧਾਨਾਂ ਦੇ ਮਹੱਤਵਪੂਰਨ ਅਨੁਬੰਧਾਂ ਨੂੰ ਸ਼ਾਮਲ ਕੀਤਾ ਗਿਆ। ਸੰਵਿਧਾਨ ਸਭਾ ਵਿੱਚ ਆਪਣੇ ਭਾਸ਼ਨਾਂ ਵਿੱਚ ਅੰਬੇਦਕਰ ਜੀ ਨੇ ਵਾਰ ਵਾਰ ਇਸ ਗੱਲ ਉੱਤੇ ਜ਼ੋਰ ਦਿੱਤਾ ਸੀ ਕਿ ਲੋਕਤੰਤਰ ਨੂੰ ਸੰਵਿਧਾਨ ਮੁਤਾਬਕ ਚਲਾਉਣ ਲਈ ਆਗੂਆਂ ਨੂੰ ਲੋਕ ਲਾਜ ਦੀ ਪਾਲਣਾ ਕਰਨੀ ਜ਼ਰੂਰੀ ਹੈ।

ਪਰ ਅੱਜ ਭਾਰਤ ਦੀਆਂ ਬਹੁਤੀਆਂ ਪ੍ਰਾਂਤਕ ਅਤੇ ਕੇਂਦਰੀ ਸੰਵਿਧਾਨਕ ਸੰਸਥਾਵਾਂ ਦਾ ਦੁਰਉਪਯੋਗ ਸੱਤਾ 'ਤੇ ਕਾਬਜ਼ ਆਗੂਆਂ ਵਲੋਂ ਆਪਣੇ ਪੂੰਜੀਪਤੀ ਜਾਂ ਮਿੱਤਰਾਂ ਦੇ ਹਿਤਾਂ ਲਈ ਕੀਤਾ ਜਾ ਰਿਹਾ ਹੈ। ਜਦੋਂ ਸੰਵਿਧਾਨ ਦੇ ਕਿਸੇ ਆਰਟੀਕਲ ਦੀ ਵਿਆਖਿਆ ਵੀ ਅਕਸਰ ਸੱਤਾ ਦੇ ਇਸ਼ਾਰੇ 'ਤੇ ਕਮਜ਼ੋਰ ਲੋਕਾਂ ਦੇ ਹਿਤਾਂ ਦੇ ਵਿਰੁੱਧ ਅਤੇ ਤਾਕਤਵਰਾਂ ਦੇ ਹੱਕ ਵਿੱਚ ਕੀਤੀ ਜਾਂਦੀ ਹੈ। ਲੋਕਤੰਤਰ ਤਾਂ ਅੱਜ ਨੋਟਤੰਤਰ ਹੀ ਬਣਿਆਂ ਪ੍ਰਤੀਤ ਹੁੰਦਾ ਹੈ।

ਸੰਵਿਧਾਨ ਅਨੁਸਾਰ ਕੇਂਦਰੀ ਸੰਸਦ ਅਤੇ ਵੱਖ ਵੱਖ ਸੂਬਾਈ ਵਿਧਾਨ ਸਭਾਵਾਂ ਦੇ ਮੈਂਬਰਾਂ ਨੂੰ ਇਹ ਵਿਸ਼ੇਸ਼ ਅਧਿਕਾਰ ਹੈ ਕਿ ਉਹ ਲੋਕ ਹਿੱਤ ਦਾ ਕੋਈ ਵੀ ਮਸਲਾ ਮਰਿਯਾਦਾ ਵਿੱਚ ਰਹਿ ਕੇ ਸਦਨ ਵਿੱਚ ਉਠਾ ਸਕਦੇ ਹਨ। ਅਜਿਹਾ ਕਰਨ 'ਤੇ ਉਨ੍ਹਾਂ ਦੇ ਭਾਸ਼ਨ ਨੂੰ ਆਧਾਰ ਬਣਾ ਕੇ ਉਨ੍ਹਾਂ ਵਿਰੁੱਧ ਕੋਈ ਮੁਕੱਦਮਾ ਅਦਾਲਤ ਵਿੱਚ ਦਾਇਰ ਨਹੀਂ ਕੀਤਾ ਜਾ ਸਕਦਾ। ਸਦਨ ਵਿੱਚ ਮੈਬਰਾਂ ਦੇ ਵਿਵਹਾਰ ਨੂੰ ਮਰਿਯਾਦਾ ਵਿੱਚ ਰੱਖਣ ਲਈ ਵੱਖ ਵੱਖ ਸਭਾਵਾਂ ਦੀ ਕਾਰਵਾਈ ਸਿੱਧੀ ਜਾਂ ਅਸਿੱਧੀ ਪ੍ਰਸਾਰਤ ਕਰਨ ਦਾ ਵੀ ਉਪਬੰਧ ਹੈ। ਇਸ ਨਾਲ ਵੋਟਰ ਆਪਣੇ ਨੁਮਾਂਇੰਦਿਆਂ ਦੀ ਕਾਰਗੁਜ਼ਾਰੀ ਨੂੰ ਵੇਖ ਸਕਦੇ ਹਨ। ਪਰ ਭਾਰਤ ਵਿੱਚ ਸੱਤਾਧਾਰੀ ਧੜੇ ਦੇ ਸੰਸਦ ਮੈਂਬਰ ਵਿਰੋਧੀ ਧਿਰ 'ਤੇ ਝੂਠੇ ਇਲਜ਼ਾਮ ਲਾਉਂਦੇ ਹਨ ਅਤੇ ਸਿੱਧੇ ਪ੍ਰਸਾਰਨ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਉਹ ਸਦਨ ਦੀ ਪਵਿੱਤਰਤਾ ਨੂੰ ਭੰਗ ਕਰਦੇ ਹਨ। ਇਸ ਪ੍ਰਕਾਰ ਸਦਨ ਤਾਂ ਬੱਸ ਚੋਣ ਪ੍ਰਚਾਰ ਦੀ ਸਟੇਜ ਬਣ ਕੇ ਰਹਿ ਗਏ ਹਨ। ਸੰਸਦ ਤੋਂ ਬਾਹਰ ਜਾਂ ਮੀਡੀਆ ਰਾਹੀ ਉਹ ਇਹ ਇਲਜ਼ਾਮ ਨਹੀਂ ਲਗਾਉਂਦੇ ਕਿਉਂਕਿ ਉਹ ਜਾਣਦੇ ਹਨ ਕਿ ਇਹ ਝੂਠੇ ਹਨ ਜਿਸ ਕਾਰਨ ਉਨ੍ਹਾਂ ਵਿਰੁੱਧ ਮਾਣਹਾਨੀ ਦਾ ਕੇਸ ਦਰਜ ਹੋ ਸਕਦਾ ਹੈ। ਸਪੀਕਰ ਜਾਂ ਸਭਾਪਤੀ ਵੀ ਇਸ ਸੰਵਿਧਾਨ ਵਿਰੋਧੀ ਕਾਰਵਾਈ ਦਾ ਹਿੱਸਾ ਹਨ। ਉਹ ਵਿਰੋਧੀ ਮੈਂਬਰਾਂ ਨੂੰ ਬੋਲਣ ਦਾ ਸਮਾਂ ਹੀ ਨਹੀਂ ਦਿੰਦੇ ਅਤੇ ਨਾ ਹੀ ਲੋਕ ਹਿਤਾਂ ਵਿੱਚ ਉਨ੍ਹਾਂ ਦੇ ਕੰਮ ਰੋਕੂ ਮਤੇ ਪ੍ਰਵਾਨ ਕਰਦੇ ਹਨ। ਕਈ ਵਾਰ ਤਾਂ ਸੈਕੜੇ ਵਿਰੋਧੀ ਮੈਂਬਰਾਂ ਨੂੰ ਇਕੱਠਿਆਂ ਹੀ ਮੁਅੱਤਲ ਕਰ ਦਿੱਤਾ ਜਾਂਦਾ ਹੈ। ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਮੈਂਬਰਾਂ ਦੇ ਮੁੱਦੇ ਉਠਾਉਣ ਦੀ ਥਾਂ ਵਿਸ਼ੇਸ਼ ਸੈਸ਼ਨ ਬੁਲਾ ਕੇ ਉਨ੍ਹਾਂ ਦਾ ਅਧਿਕਾਰ ਖੋਹਿਆ ਜਾਂਦਾ ਹੈ।

ਸੰਸਦ ਜਾਂ ਵਿਧਾਨ ਸਭਾਵਾਂ ਵਿੱਚ ਵਿਰੋਧੀ ਵਲੋਂ ਜਦੋਂ ਸਰਕਾਰ ਤੋਂ ਕਿਸੇ ਸਵਾਲ ਦਾ ਜਵਾਬ ਪੁੱਛਿਆਂ ਜਾਂਦਾ ਹੈ ਤਾਂ ਸੱਚੀ ਜਾਣਕਾਰੀ ਦੇਣ ਦੀ ਬਜਾਏ ਸੁਆਲ ਪੁੱਛਣ ਵਾਲੇ ਨੂੰ ਗੱਦਾਰ ਦੇ ਅਹੁਦੇ ਨਾਲ ਨਿਵਾਜ ਕੇ ਉਸ ਵਿਰੁੱਧ ਭੰਡੀ ਪ੍ਰਚਾਰ ਕੀਤਾ ਜਾਂਦਾ ਹੈ। ਨੋਟਬੰਦੀ, ਪੁਲਵਾਮਾ ਕਾਂਡ, ਗਲਵਾਨ ਘਾਟੀ ਤੇ ਪਹਿਲਗਾਮ ਕਤਲੇਆਮ ਦੀ ਸਫ਼ਲਤਾ ਜਾਂ ਅਸਫ਼ਲਤਾ ਅਤੇ ਕਾਰਨਾਂ ਬਾਰੇ ਵਿਰੋਧੀਆਂ ਦੇ ਸੁਆਲਾਂ ਦੇ ਜਵਾਬ ਸਾਲਾਂ ਬੱਧੀ ਉਡੀਕਸੂਚੀ ਵਿੱਚ ਪਏ ਹਨ। ਕਿਸੇ ਸਦਨ ਵਿੱਚ ਵੀ ਕਾਨੂੰਨ ਉੱਤੇ ਉਚਿਤ ਵਿਚਾਰਵਟਾਂਦਰਾ ਨਹੀਂ ਕੀਤਾ ਜਾਂਦਾ ਅਤੇ ਭਵਿੱਖ ਦੀ ਯੋਜਨਾਬੰਦੀ ਵਿਚਾਰੀ ਨਹੀਂ ਜਾਂਦੀ। ਇਸ ਦੇ ਉਲਟ ਕੇਂਦਰੀ ਸਦਨਾਂ ਵਿੱਚ ਪ੍ਰਧਾਨ ਮੰਤਰੀ ਦੀ ਅਤੇ ਸੂਬਾਈ ਵਿਧਾਨ ਸਭਾਵਾਂ ਵਿੱਚ ਮੁੱਖ ਮੰਤਰੀਆਂ ਦੀ ਮਹਿਮਾ ਗਾਈ ਜਾਂਦੀ ਹੈ। ਇਹ ਕਾਰਜਸ਼ੈਲੀ ਸੰਵਿਧਾਨ ਨਿਰਮਾਤਾਵਾਂ ਦੀ ਸੋਚ ਤੋਂ ਕਿਤੇ ਵੱਖਰੀ ਤੇ ਨੀਵੀਂ ਪੱਧਰ ਦੀ ਹੈ। ਇਸ ਹਾਲਤ ਨੂੰ ਜਾਣ ਕੇ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ ਜੀ ਦੀ ਆਤਮਾ ਪ੍ਰੇਸ਼ਾਨ ਹੋਵੇਗੀ।

❋ ❋ ❋ ❋ ❋

ਧੱਕਾ ਹੋਇਆ ਤਾਂ ਕਲਮ ਦੀ ਜੀਭ ਪਾਟੀ,
ਚੀਕੀ ਸਦਾ ਮਾਸੂਮਾਂ ਦੀ ਵਾਜ ਬਣਕੇ।
ਡੁੱਬਣ ਲੱਗਾ ਪੰਜਾਬ ਤਾਂ ਦੇਖ ਲੈਣਾ,
ਬਾਣੀ ਬਾਬੇ ਦੀ ਆਊ ਜਹਾਜ ਬਣਕੇ।

ਭੂਸ਼ਣ ਧਿਆਨਪੁਰੀ

# ਉੱਚੀ ਸਖਸ਼ੀਅਤ ਦੀ ਨਿਸ਼ਾਨੀ

ਸੰਦੀਪ ਸਿੰਘ ਸੈਣੀ
ਮੋਹਾਲੀ



ਕੁਦਰਤ ਨੇ ਮਨੁੱਖ ਨੂੰ ਬਹੁਤ ਹੀ ਸਿਆਣਪ ਤੇ ਦਿਮਾਗੀ ਸ਼ਕਤੀ ਨਾਲ ਨਿਵਾਜਿਆ ਹੈ। ਸੁੱਖ-ਦੁੱਖ ਜ਼ਿੰਦਗੀ ਦੇ ਪਰਛਾਵੇਂ ਹਨ। ਸਮਝਦਾਰ ਮਨੁੱਖ ਆਪਣੀ ਜ਼ਿੰਦਗੀ ਬਹੁਤ ਹੀ ਸਖ਼ਤ ਪੜਾਵਾਂ ਵਿੱਚੋਂ ਸਫ਼ਲਤਾਪੂਰਬਕ ਪਾਰ ਲੰਘ ਜਾਂਦਾ ਹੈ। ਉਹ ਆਪਣੇ ਆਪ ਨੂੰ ਵਿਦਵਾਨ ਹੋਣ ਦਾ ਭਰਮ ਪਾਲ ਲੈਂਦਾ ਹੈ। ਅਜੋਕੇ ਇਨਸਾਨ ਨੇ ਦੁਨੀਆਂ ਦੀ ਜਾਣਕਾਰੀ ਤਾਂ ਇਕੱਠੀ ਕਰ ਲਈ ਹੈ, ਪਰ ਆਪਣੇ ਆਪ ਤੋਂ ਬੇਮੁੱਖ ਹੋ ਗਿਆ ਹੈ। 'ਦੀਵੇ ਥੱਲੇ ਹਨੇਰੇ' ਵਾਲੀ ਪ੍ਰਵਿਰਤੀ ਅੱਜ ਦੇ ਮਨੁੱਖ ਦੀ ਹੋ ਗਈ ਹੈ। ਵਿੱਦਿਆ ਦਾ ਪਸਾਰ ਬਹੁਤ ਹੋਇਆ ਹੈ। ਗਿਆਨ-ਪ੍ਰਾਪਤੀ ਦੇ ਅਨੇਕਾਂ ਸੋਮੇ ਹਨ। ਫਿਰ ਵੀ ਮਨੁੱਖ ਅਗਿਆਨਤਾ ਦੇ ਹਨ੍ਹੇਰੇ ਵਿੱਚ ਭਟਕ ਰਿਹਾ ਹੈ। ਦੂਜਿਆਂ ਦੇ ਨੁਕਸ ਕੱਢਣੇ ਆਸਾਨ ਹਨ ਪਰ ਮਨੁੱਖ ਗਲਤੀਆਂ ਦਾ ਪੁਤਲਾ ਹੈ। ਜਦੋਂ ਕੋਈ ਇਨਸਾਨ ਕਿਸੇ ਵੱਲ ਉਂਗਲ ਕਰਦਾ ਹੈ ਤਾਂ ਹੱਥ ਦੀਆਂ ਤਿੰਨ ਉਂਗਲਾਂ ਉਸ ਦੇ ਆਪਣੇ ਵੱਲ ਇਸ਼ਾਰਾ ਕਰ ਰਹੀਆਂ ਹੁੰਦੀਆਂ ਹਨ। ਕਈ ਮਨੁੱਖਾਂ ਵਿੱਚ ਦੂਜਿਆਂ ਦੀਆਂ ਗਲਤੀਆਂ ਉਛਾਲਣ ਦੀ ਪ੍ਰਵਿਰਤੀ ਵਧੇਰੇ ਹੁੰਦੀ ਹੈ। ਜੋ ਇਨਸਾਨ ਆਪਣਾ ਸਵੈ-ਪੜਚੋਲ ਕਰਦੇ ਹਨ ਉਹ ਦੂਜਿਆਂ ਵੱਲ ਕਦੇ ਉਂਗਲੀ ਨਹੀਂ ਉਠਾਉਂਦੇ। ਅਜਿਹਾ ਇਨਸਾਨ ਜੋ ਆਪਣੇ ਅੰਦਰ ਝਾਤੀ ਮਾਰਨ ਲਗ ਜਾਂਦਾ ਹੈ, ਉਹ ਜੀਵਨ ਵਿੱਚ ਪਸਰੇ ਅੰਧਕਾਰ ਨੂੰ ਦੂਰ ਕਰ ਸਕਦਾ ਹੈ। ਕਿਸੇ ਦੀ ਗਲਤੀ ਨੂੰ ਮੁਆਫ਼ ਕਰ ਦੇਣ ਵਾਲਾ ਉੱਚੀ ਸਖ਼ਸ਼ੀਅਤ ਦਾ ਪ੍ਰਮਾਣ ਹੈ। ਬੋਲ-ਬਾਣੀ, ਨਿਮਰਤਾ, ਪਿਆਰ ਵਰਗੇ ਗੁਣ ਅੱਜ-ਕੱਲ੍ਹ ਕਿਤਾਬਾਂ ਜਾਂ ਦੀਵਾਰਾਂ ਦਾ ਹੀ ਸ਼ਿੰਗਾਰ ਬਣ ਕੇ ਰਹਿ ਗਏ ਹਨ। ਕਿਸੇ ਇਨਸਾਨ ਦਾ ਦੂਜੇ ਪ੍ਰਤੀ ਵਿਹਾਰ, ਬੋਲਚਾਲ, ਹਮਦਰਦੀ, ਸਤਿਕਾਰ ਉੱਚੀ ਸਖ਼ਸ਼ੀਅਤ ਦੀ ਨਿਸ਼ਾਨੀ ਹੈ।

ਮਨੁੱਖ ਕੋਲ ਉੱਚੀਆਂ ਉੱਚੀਆਂ ਡਿਗਰੀਆਂ ਹਨ, ਉਸ ਨੇ ਵੱਡੇ ਵੱਡੇ ਅਹੁਦੇ ਲੈ ਲਏ ਹਨ, ਪਰ ਉਸ ਨੂੰ ਆਪੇ ਦੀ ਪਛਾਣ ਕਰਨਾ ਅਤੇ ਆਪਣੇ ਅੰਦਰ ਝਾਤੀ ਮਾਰਨ ਦੀ ਸੋਝੀ ਨਹੀਂ ਆਈ। ਜ਼ਰੂਰੀ ਨਹੀਂ ਕਿ ਤੁਸੀਂ ਉੱਚੀ ਡਿਗਰੀ ਲੈ ਲਈ ਤੇ ਤੁਹਾਨੂੰ ਬਹੁਤ ਗਿਆਨ ਹੋ ਗਿਆ। ਕਈ ਬਹੁਤ ਘੱਟ ਪੜ੍ਹੇ ਲਿਖੇ ਲੋਕ ਵੀ ਸਿਆਣੀਆਂ ਗੱਲਾਂ ਕਰਦੇ ਹਨ। ਬਜ਼ੁਰਗ ਭਾਵੇਂ ਘੱਟ ਪੜ੍ਹੇ ਹੋਏ ਸਨ, ਪਰ ਉਨ੍ਹਾਂ ਜ਼ਿੰਦਗੀ ਦਾ ਨਿਚੋੜ ਹੁੰਦਾ ਸੀ। ਅਜੋਕਾ ਮਨੁੱਖ ਭਟਕ ਰਿਹਾ ਹੈ। ਹਊਮੈਂ, ਈਰਖਾ, ਨਫ਼ਰਤ ਤੇ ਸਵਾਰਥ ਇਸ ਦਾ ਸਿਰਨਾਵਾਂ ਬਣ ਗਏ ਹਨ। ਬੱਚਿਆਂ ਕੋਲ ਕਿਤਾਬੀ ਗਿਆਨ ਤਾਂ ਬਹੁਤ ਹੈ ਪਰ ਜਿਉਣ ਦਾ ਸਲੀਕਾ ਉਹ ਭੁੱਲਦੇ ਜਾ ਰਹੇ ਹਨ। ਮਾਂ ਬਾਪ ਨਾਲ ਕਿਸ ਤਰ੍ਹਾਂ ਗੱਲ ਕਰਨੀ ਹੈ, ਵੱਡਿਆਂ ਦਾ ਕਿਸ ਤਰ੍ਹਾਂ ਸਤਿਕਾਰ ਕਰਨਾ ਹੈ, ਅਜਿਹੇ ਗੁਣ ਉਨ੍ਹਾਂ ਵਿੱਚ ਬਿਲਕੁਲ ਨਹੀਂ ਦਿਸਦੇ। ਨੈਤਿਕ ਕਦਰਾਂ ਕੀਮਤਾਂ ਦਾ ਘਾਣ ਹੋ ਗਿਆ ਹੈ। ਅੱਜ ਦੇ ਬੱਚੇ ਬੰਦ ਕਮਰੇ ਵਿੱਚ ਮੋਬਾਇਲ ਚਲਾਉਣ ਵਿੱਚ ਮਗਨ ਰਹਿੰਦੇ ਹਨ। ਉਹ ਬਾਹਰ ਨਿਕਲਦੇ ਹੀ ਨਹੀਂ। ਵੱਡੇ ਵਡੇਰਿਆਂ ਦਾ ਸਾਥ ਉਨ੍ਹਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਅੱਜ ਦੇ ਬੱਚਿਆਂ ਵਿੱਚ ਸਹਿਣਸ਼ੀਲਤਾ ਬਿਲਕੁਲ ਹੀ ਨਹੀਂ ਰਹੀ। ਗੱਲ ਬਰਦਾਸ਼ਤ ਨਾ ਕਰਨ ਕਰਕੇ ਉਹ ਆਤਮ ਹੱਤਿਆ ਵੀ ਕਰ ਲੈਂਦੇ ਹਨ। ਕਿਸੇ ਦੇ ਵਾਹਨ ਨਾਲ ਜੇ ਆਪਣਾ ਵਾਹਨ ਲਗ ਗਿਆ ਤਾਂ ਸਿਰ ਪਾੜਨ ਤੱਕ ਆਉਂਦੇ ਹਨ। ਹੁਣ ਕਿਸੇ ਕੋਲੋਂ ਨਿਮਰਤਾ ਤੇ ਚੰਗੇ ਬੋਲਾਂ ਦੀ ਆਸ ਰੱਖਣੀ ਵਿਅਰਥ ਹੈ।

ਕੁੱਝ ਵਿਅਕਤੀ ਉੱਚ ਸਿੱਖਿਆ ਹਾਸਲ ਕਰ ਕੇ ਕਿਸੇ ਵੱਡੇ ਅਹੁਦੇ 'ਤੇ ਪਹੁੰਚਦੇ ਹਨ ਤਾਂ ਉਨ੍ਹਾਂ ਵਿੱਚ ਸਹਿਣਸ਼ੀਲਤਾ, ਨਿਮਰਤਾ , ਪਿਆਰ, ਗੱਲ ਕਰਨ ਦਾ ਸਲੀਕਾ ਆਪਣੇ ਆਪ ਆ ਜਾਂਦੇ ਹਨ। ਜਦੋਂ ਕੋਈ ਵਿਅਕਤੀ ਉਸ ਕੋਲ ਜਾਂਦਾ ਹੈ ਤਾਂ ਉਸ ਦਾ ਵਿਹਾਰ ਕਈ ਵਾਰ ਇੰਨਾਂ ਪ੍ਰਭਾਵਿਤ ਕਰਦਾ ਹੈ ਕਿ ਉਹ ਬਾਹਰ ਆ ਕੇ ਵੀ ਦੱਸਦਾ ਹੈ ਕਿ ਉਹ ਅਫ਼ਸਰ ਕਿੰਨੇ ਪਿਆਰ ਨਾਲ ਗੱਲ ਕਰਦਾ ਹੈ। ਕਈ ਅਫ਼ਸਰਾਂ ਦੀ ਬੋਲ-ਬਾਣੀ ਇੰਨੀ ਕੌੜੀ ਹੁੰਦੀ ਹੈ ਕਿ ਉਨ੍ਹਾਂ ਦੀ ਸਾਰੇ ਪਾਸੇ ਥੂਹ-ਥੂਹ ਹੁੰਦੀ ਹੈ। ਅਜਿਹਾ ਵਿਅਕਤੀ ਉੱਚੀ ਕੁਰਸੀ 'ਤੇ ਬੈਠ ਕੇ ਇਸ ਦਾ ਅਨਾਦਰ ਕਰਦਾ ਹੈ। ਉਹ ਸਮਾਜ ਵਿੱਚ ਕਦੇ ਇੱਜ਼ਤ ਨਹੀਂ ਕਰਵਾ ਸਕਦਾ। ਵਿਗਿਆਨ ਨੇ ਬਹੁਤ ਤਰੱਕੀ ਕਰ ਲਈ ਹੈ। ਪੈਸੇ ਦੀ ਹੋੜ ਕਾਰਨ ਰਿਸ਼ਤਿਆਂ ਦੀ ਅਹਿਮੀਅਤ ਖਤਮ ਹੋ ਚੁੱਕੀ ਹੈ। ਪਦਾਰਥਕ ਵਸਤਾਂ ਦੀ ਲਾਲਸਾ ਵਿੱਚ ਮਨੁੱਖ ਇਨ੍ਹਾਂ ਫਸ ਚੁੱਕਾ ਹੈ ਕਿ ਉਸ ਆਪ ਆਪਣੇ ਆਪ ਨੂੰ ਜਾਨਣ-ਸਮਝਣ ਲਈ ਸਮਾਂ ਨਹੀਂ। ਪੈਸੇ ਨੇ ਰਿਸ਼ਤੇ ਖਤਮ ਕਰ ਦਿੱਤੇ ਹਨ।

## ਸਪਸ਼ਟੀਕਰਨ

ਸਮਾਜ ਦੇ ਸੂਝਵਾਨ ਤੇ ਚੇਤੰਨ ਵਿਅਕਤੀਆਂ ਦੀ ਜਾਣਕਾਰੀ ਹਿਤ ਸਪਸ਼ਟ ਕੀਤਾ ਜਾਂਦਾ ਹੈ ਕਿ ਸਮਾਜਸੇਵੀ ਸੰਸਥਾ ਸੈਣੀ ਭਵਨ ਰੂਪਨਗਰ ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਤਿਮਾਹੀ ਮੈਗਜ਼ੀਨ 'ਸੈਣੀ ਸੰਸਾਰ' ਵਿੱਚ ਸੈਣੀ ਬਰਾਦਰੀ ਦੀ ਵਿਰਾਸਤ, ਸਮਾਜ ਲਈ ਲਾਹੇਵੰਦ ਵਿਗਿਆਨਕ ਸੋਚ, ਸਿਹਤਮੰਦ ਸਾਹਿਤਕ ਰਚਨਾਵਾਂ, ਮਹੱਤਵਪੂਰਨ ਸਥਾਨਿਕ ਤੇ ਵਿਸ਼ਵ ਪੱਧਰੀ ਸਮਾਚਾਰਾਂ ਤੋਂ ਇਲਾਵਾ ਮਾਪਿਆਂ ਦੀ ਸਹਾਇਤਾ ਲਈ ਵਿਆਹਣਯੋਗ ਨੌਜਵਾਨ ਬੱਚਿਆਂ ਦੇ ਜੀਵਨ ਵੇਰਵਿਆਂ ਨਾਲ ਸਬੰਧਿਤ ਸਮੱਗਰੀ ਛਾਪੀ ਜਾਂਦੀ ਹੈ। ਇਹ ਰਚਨਾਵਾਂ ਸਮਾਜ ਦੇ ਹਰ ਵਰਗ ਲਈ ਲਾਹੇਵੰਦ ਹੁੰਦੀਆਂ ਹਨ। ਇਸ ਲਈ **ਕਿਸੇ ਵੀ ਜਾਤ ਦਾ ਚਾਹਵਾਨ ਵਿਅਕਤੀ ਇਸ ਮੈਗਜ਼ੀਨ ਦਾ ਮੈਂਬਰ ਬਣ ਸਕਦਾ ਹੈ ਅਤੇ ਆਪਣੇ ਨੌਜਵਾਨ ਵਿਆਹੁਣਯੋਗ ਪੁੱਤਰਾਂ-ਧੀਆਂ ਦੇ ਜੀਵਨ ਵੇਰਵੇ ਇਸ ਮੈਗਜ਼ੀਨ ਵਿੱਚ ਛਪਵਾ ਸਕਦਾ ਹੈ।**

# ਜੈਸੀ ਸੰਗਤ ਵੈਸੀ ਰੰਗਤ

ਡਾ. ਰਣਜੀਤ ਸਿੰਘ ਤੰਬੜ
ਲੁਧਿਆਣਾ



ਮਨੁੱਖ ਨੇ ਜਦੋਂ ਤੋਂ ਜੰਗਲਾਂ ਵਿੱਚੋਂ ਨਿਕਲ ਕੇ ਘਰ ਬਣਾ ਕੇ ਰਹਿਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਉਸ ਨੇ ਇਕੱਲਤਾ ਨੂੰ ਤਿਆਗ ਕੇ ਸੰਗੀ ਸਾਥੀਆਂ ਦਾ ਸਾਥ ਲੋਚਿਆ ਹੈ। ਇਕੱਲਤਾ ਤਾਂ ਸਰਾਪ ਵਾਂਗ ਹੁੰਦੀ ਹੈ। ਇਸੇ ਕਰ ਕੇ ਆਖਿਆ ਜਾਂਦਾ ਹੈ ਕਿ ਇਕੱਲਾ ਤਾਂ ਜੰਗਲ ਵਿੱਚ ਰੁੱਖ ਵੀ ਨਹੀਂ ਹੋਣਾ ਚਾਹੀਦਾ। ਬੱਚੇ ਦੇ ਸਭ ਤੋਂ ਪਹਿਲੇ ਸੰਗੀ ਉਸ ਦੇ ਮਾਪੇ ਹੁੰਦੇ ਹਨ। ਮਾਪਿਆਂ ਦਾ ਰਹਿਣ-ਸਹਿਣ ਅਤੇ ਉਨ੍ਹਾਂ ਦਾ ਚਾਲ ਚਲਣ ਬੱਚੇ ਦੀ ਸ਼ਖ਼ਸ਼ੀਅਤ ਉਸਾਰੀ 'ਤੇ ਸਭ ਤੋਂ ਵੱਧ ਪ੍ਰਭਾਵ ਪਾਉਂਦਾ ਹੈ।

ਜੇਕਰ ਮਾਪੇ ਕਿਰਤ ਕਰਦੇ ਅਤੇ ਵੰਡ ਕੇ ਛਕਦੇ ਹੋਣ ਤਾਂ ਬੱਚਾ ਵੀ ਕਿਰਤੀ ਬਣਦਾ ਹੈ। ਸੱਚ, ਸੰਤੋਖ ਅਤੇ ਗਿਆਨ ਦੇ ਆਧਾਰ 'ਤੇ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਆਪਸੀ ਪਿਆਰ ਅਤੇ ਮਿਲਵਰਤਨ ਨਾਲ ਜਿਹੜੇ ਮਾਪੇ ਜੀਵਨ ਜਿਉਂਦੇ ਹਨ, ਉਹ ਆਪਣੇ ਬੱਚਿਆਂ ਲਈ ਆਦਰਸ਼ ਬਣ ਜਾਂਦੇ ਹਨ। ਮਾਪਿਆਂ ਤੋਂ ਅੱਗੇ ਜਾ ਕੇ ਅਧਿਆਪਕ ਦੀ ਸੰਗਤ ਦਾ ਵੀ ਬੱਚੇ ਦੀ ਸੋਚ ਉੱਤੇ ਅਸਰ ਪੈਂਦਾ ਹੈ। ਜੇਕਰ ਅਧਿਆਪਕ ਉੱਚੇ ਆਚਰਣ ਵਾਲਾ, ਧੀਰਜ ਅਤੇ ਪਿਆਰ ਨਾਲ ਬੱਚਿਆਂ ਦੀ ਪੜ੍ਹਾਈ ਕਰਵਾਉਂਦਾ ਹੈ ਤਾਂ ਉਸ ਦੇ ਉਤਸ਼ਾਹੀ ਬੋਲ ਹਮੇਸ਼ਾਂ ਪ੍ਰਭਾਵ ਪਾਉਂਦੇ ਹਨ। ਜੇਕਰ ਅਧਿਆਪਕ ਪੜ੍ਹਾਉਣ ਵਿੱਚ ਬਹੁਤੀ ਦਿਲਚਸਪੀ ਨਹੀਂ ਲੈਂਦਾ, ਬੱਚਿਆਂ ਨੂੰ ਹਮੇਸ਼ਾਂ ਝਿੜਕਦਾ ਰਹਿੰਦਾ ਹੈ ਅਤੇ ਕਮਜ਼ੋਰ ਨੂੰ ਉਤਸ਼ਾਹਿਤ ਕਰਨ ਦੀ ਥਾਂ ਨਿਕੰਮਾ ਆਖਦਾ ਹੈ ਤਾਂ ਬੱਚਾ ਸਚੁਮੱਚ ਹੀ ਨਿਕੰਮਾ ਹੋ ਜਾਂਦਾ ਹੈ।

ਜੇਕਰ ਬੱਚੇ ਦੇ ਸੰਗੀ ਸਾਥੀ ਮਿਹਨਤੀ ਹੋਣ, ਪੜ੍ਹਾਈ ਵਿੱਚ ਪੂਰੀ ਦਿਲਚਸਪੀ ਲੈਂਦੇ ਹੋਣ ਤਾਂ ਉਹ ਉਨ੍ਹਾਂ ਵਰਗਾ ਹੀ ਬਣ ਜਾਂਦਾ ਹੈ। ਜੇਕਰ ਬੱਚੇ ਦੀ ਸੰਗਤ ਭੈੜੇ ਬੱਚਿਆਂ ਨਾਲ ਹੋਵੇ, ਜਿਹੜੇ ਪੜ੍ਹਾਈ ਵਿੱਚ ਕੋਈ ਦਿਲਚਸਪੀ ਨਾ ਰੱਖਦੇ ਹੋਣ ਤਾਂ ਬੱਚਾ ਵੀ ਅਜਿਹਾ ਹੀ ਬਣ ਜਾਵੇਗਾ। ਚੰਗੀ ਸੰਗਤ ਬੱਚੇ ਵਿੱਚ ਚੰਗੀ ਸੋਚ ਨੂੰ ਪ੍ਰਫੁੱਲਿਤ ਕਰਦੀ ਹੈ ਜਦੋਂ ਕਿ ਬੁਰੀ ਸੋਚ ਬੁਰਾਈ ਨੂੰ ਉਤਸ਼ਾਹਿਤ ਕਰਦੀ ਹੈ। ਚੰਗੀ ਸੋਚ ਜਿੱਥੇ ਬੱਚੇ ਨੂੰ ਅੱਗੇ ਵਧਣ ਲਈ ਉਤਸ਼ਾਹਿਤ ਕਰਦੀ ਹੈ, ਉੱਥੇ ਭੈੜੀ ਸੋਚ ਅੱਗੇ ਵਧਣ ਵਿੱਚ ਰੋਕਾਂ ਲਗਾਉਂਦੀ ਹੈ। ਇਸੇ ਕਰਕੇ ਆਖਿਆ ਜਾਂਦਾ ਹੈ ਕਿ ਭੈੜੀ ਸੋਚ ਅਤੇ ਪੈਰ ਦੀ ਮੋਚ ਬੰਦੇ ਨੂੰ ਕਦੇ ਵੀ ਅੱਗੇ ਵਧਣ ਨਹੀਂ ਦਿੰਦੀ। ਮਾਪਿਆਂ ਨੂੰ ਹਮੇਸ਼ਾਂ ਆਪਣੇ ਬੱਚੇ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਉਸ ਦੀ ਸੰਗਤ ਕਿਹੋ ਜਿਹੀ ਹੈ। ਜੇਕਰ ਭੈੜੀ ਸੰਗਤ ਹੈ ਤਾਂ ਬੱਚਾ ਕੁਰਾਹੇ ਪੈ ਸਕਦਾ ਹੈ, ਪਰ ਜੇਕਰ ਵਧੀਆ ਸੰਗਤ ਹੈ ਤਾਂ ਸਿੱਧੇ ਰਾਹ ਤੁਰਦਾ ਬੱਚਾ ਅੱਗੇ ਵਧਦਾ ਹੈ।

ਆਪਣੇ ਰੁਝੇਵਿਆਂ ਕਾਰਨ ਅੱਜ ਕੱਲ੍ਹ ਮਾਪੇ ਬੱਚਿਆਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ ਸਗੋਂ ਰੋਜ਼ ਜੇਬ੍ਹ ਖਰਚ ਅਤੇ ਸਮਾਰਟ ਫੋਨ ਲੈ ਕੇ ਦੇਣ ਨਾਲ ਹੀ ਆਪਣੀ ਜ਼ਿੰਮੇਵਾਰੀ ਪੂਰੀ ਹੋ ਗਈ ਸਮਝਣ ਲਗਦੇ ਹਨ। ਘਰ ਵਿੱਚ ਬੱਚਿਆਂ ਨੂੰ ਸਮਾਂ ਦੇਵੋ, ਸਕੂਲ ਅਤੇ ਸਾਥੀਆਂ ਬਾਰੇ ਪੁੱਛੋ। ਘੱਟ ਨੰਬਰ ਆਉਣ ਜਾਂ ਗਲਤੀ ਕਰਨ 'ਤੇ ਕਦੇ ਵੀ ਝਿੜਕਣਾ ਨਹੀਂ ਚਾਹੀਦਾ ਸਗੋਂ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ। ਘਰ ਵਿੱਚ ਬੱਚੇ ਸਾਹਮਣੇ ਹਮੇਸ਼ਾਂ ਆਪਣੇ ਫੋਨ ਨੂੰ ਚਿੰਬੜੇ ਰਹਿਣਾ ਵੀ ਬੱਚੇ ਵਿੱਚ ਨਿਰਾਸ਼ਤਾ ਪੈਦਾ ਕਰਦਾ ਹੈ ਅਤੇ ਉਹ ਵੀ ਫਿਰ ਫੋਨ ਨੂੰ ਸਾਥੀ ਬਣਾ ਲੈਂਦਾ ਹੈ। ਬੱਚੇ ਪ੍ਰਤੀ ਮਾਪਿਆਂ ਦੀ ਜ਼ਿੰਮੇਵਾਰੀ ਉਸ ਨੂੰ ਸਾਰੀਆਂ ਸਹੂਲਤਾਂ ਦੇ ਕੇ ਹੀ ਪੂਰੀ ਨਹੀਂ ਹੋ ਜਾਂਦੀ ਸਗੋਂ ਉਸ ਨੂੰ ਸਮਾਂ ਦੇਣਾ ਵੱਧ ਜ਼ਰੂਰੀ ਹੈ।

ਸੰਗਤ ਦਾ ਰੰਗ ਕੇਵਲ ਬੱਚਿਆਂ ਉੱਤੇ ਹੀ ਨਹੀਂ ਚੜ੍ਹਦਾ ਸਗੋਂ ਵੱਡੇ ਵੀ ਇਸ ਦੇ ਪ੍ਰਭਾਵ ਤੋਂ ਬਚ ਨਹੀਂ ਸਕਦੇ। ਬਹੁਤ ਮਿਸਾਲਾਂ ਅਜਿਹੀਆਂ ਮਿਲਦੀਆਂ ਹਨ ਜਿੱਥੇ ਭੈੜੀ ਸੰਗਤ ਨੇ ਮਰਦ ਅਤੇ ਔਰਤਾਂ ਨੂੰ ਕੁਰਾਹੇ ਪਾ ਦਿੱਤਾ ਜਦੋਂ ਕਿ ਚੰਗੀ ਸੰਗਤ ਨੇ ਉਨ੍ਹਾਂ ਨੂੰ ਅੱਗੇ ਵਧਣ ਵਿੱਚ ਸਹਾਇਤਾ ਕੀਤੀ। ਬੁਰੀ ਸੰਗਤ ਤੋਂ ਦੂਰੀ ਹੀ ਉਸਾਰੂ ਸੋਚ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਅੱਗੇ ਵਧਣ ਲਈ ਪ੍ਰੇਰਦੀ ਹੈ। ਹਮੇਸ਼ਾਂ ਆਪਣੇ ਮਿੱਤਰਾਂ ਅਤੇ ਸੰਗੀ ਸਾਥੀਆਂ ਬਾਰੇ ਜਾਣਕਾਰੀ ਲੈਣੀ ਚਾਹੀਦੀ ਹੈ। ਜੇਕਰ ਉਹ ਕੁਰਾਹੇ ਪਾਉਣ ਦੀ ਕੋਸ਼ਿਸ਼ ਕਰਨ ਤਾਂ ਉਨ੍ਹਾਂ ਤੋਂ ਦੂਰ ਰਹਿਣ ਦਾ ਯਤਨ ਕਰਨਾ ਚਾਹੀਦਾ ਹੈ। ਬੁਰੀ ਸੰਗਤ ਤੋਂ ਦੂਰ ਰਹਿਣ ਲਈ ਕੁੱਝ ਸੁਝਾਅ ਦਿੱਤੇ ਜਾ ਰਹੇ ਹਨ।

ਕਈ ਵਾਰ ਸਾਡੀ ਮਜ਼ਬੂਰੀ ਹੋ ਜਾਂਦੀ ਹੈ ਕਿ ਇਹ ਜਾਣਦਿਆਂ ਹੋਇਆਂ ਵੀ ਕਿ ਇਹ ਬੰਦਾ ਭੈੜਾ ਹੈ, ਸਾਨੂੰ ਉਸ ਦੇ ਨਾਲ ਕੰਮ ਕਰਨਾ ਪੈਂਦਾ ਹੈ। ਜੇਕਰ ਤੁਹਾਨੂੰ ਪਤਾ ਹੈ ਕਿ ਤੁਹਾਡਾ ਸਾਥੀ ਰਿਸ਼ਵਤਖੋਰ ਹੈ ਜਾਂ ਕੰਮ ਤੋਂ ਜੀਅ ਚੁਰਾਉਂਦਾ ਹੈ ਤਾਂ ਉਸ ਦੇ ਸੰਗ ਤੋਂ ਦੂਰ ਰਹੋ। ਉਹ ਤੁਹਾਨੂੰ ਵੀ ਲਪੇਟਣ ਦੀ ਕੋਸ਼ਿਸ਼ ਕਰੇਗਾ। ਕਈ ਵਾਰ ਲਾਲਚ ਵਿੱਚ ਆ ਕੇ ਬੰਦਾ ਕਮਜ਼ੋਰ ਪੈ ਜਾਂਦਾ ਹੈ ਪਰ ਆਪਣੇ ਆਪ ਉੱਤੇ ਕਾਬੂ ਪਾ ਕੇ ਉਸ ਦੇ ਰਾਹ 'ਤੇ ਤੁਰਨ ਤੋਂ ਗੁਰੇਜ਼ ਕੀਤਾ ਜਾਵੇ।

ਰਿਸ਼ਵਤਖੋਰੀ, ਨਸ਼ਿਆਂ ਦਾ ਕੋਹੜ ਜਾਂ ਮਿਲਾਵਟਖੋਰੀ ਬੁਰੀ ਸੰਗਤ ਦਾ ਹੀ ਨਤੀਜਾ ਹੁੰਦਾ ਹੈ। ਤੁਹਾਡੇ ਸਾਥੀ ਨੇ ਪੈਸੇ ਲੈ ਕੇ ਕਿਸੇ ਦਾ ਕੰਮ ਕਰ ਦਿੱਤਾ ਅਤੇ ਉਹ ਤੁਹਾਨੂੰ ਪਾਰਟੀ ਦੇਣਾ ਚਾਹੁੰਦਾ ਹੈ ਤਾਂ ਬਹਾਨਾ ਬਣਾ ਕੇ ਨਾਂਹ ਕਰ ਦੇਵੋ। ਉਹ ਇਹ ਦੱਸਣ ਦਾ ਵੀ ਯਤਨ ਕਰੇਗਾ ਕਿ ਇਹ ਪੈਸੇ ਤਾਂ ਉਹ ਖੁਸ਼ ਹੋ ਕੇ ਪਾਰਟੀ ਕਰਨ ਲਈ ਦੇ ਕੇ ਗਿਆ ਹੈ। ਕਈ ਵਾਰ ਤੁਹਾਨੂੰ ਕਿਸੇ ਪਾਰਟੀ ਵਿੱਚ ਜਾਣਾ ਪੈਂਦਾ ਹੈ ਜਿੱਥੇ ਸ਼ਰਾਬ ਵੀ ਪਰੋਸੀ ਗਈ ਹੁੰਦੀ ਹੈ। ਤੁਹਾਡੇ ਦੋਸਤ ਤੁਹਾਨੂੰ ਪੀਣ ਲਈ ਮਜ਼ਬੂਰ ਕਰਦੇ ਹਨ। ਕੋਕ ਜਾਂ ਜੂਸ ਵਿੱਚ ਮਿਲਾ ਕੇ ਪਿਲਾਉਣ ਦਾ

ਯਤਨ ਕਰਦੇ ਹਨ ਜਾਂ ਦੋਸਤੀ ਦਾ ਵਾਸਤਾ ਪਾ ਕੇ ਬਲੈਕਮੇਲ ਕਰਨ ਦਾ ਯਤਨ ਕਰਦੇ ਹਨ, ਤਾਂ ਉਦੋਂ ਤੁਹਾਡੀ ਪਰਖ ਦੀ ਘੜੀ ਹੁੰਦੀ ਹੈ। ਪਹਿਲਾਂ ਤਾਂ ਕੋਸ਼ਿਸ਼ ਕਰੋ ਕਿ ਉਨ੍ਹਾਂ ਸਾਥੀਆਂ ਨਾਲ ਬੈਠਿਆ ਹੀ ਨਾ ਜਾਵੇ ਜਿੱਥੇ ਸ਼ਰਾਬ ਪਰੋਸੀ ਜਾ ਰਹੀ ਹੈ। ਜੇਕਰ ਬੈਠਣਾ ਹੀ ਪੈ ਜਾਵੇ ਤਾਂ ਆਪਣੇ ਆਪ ਨੂੰ ਇੰਨਾਂ ਮਜ਼ਬੂਤ ਕਰੋ ਕਿ ਤੁਸੀਂ ਥਿੜਕ ਨਾ ਸਕੋਂ। ਜੇਕਰ ਗੱਲਾਂ ਵਿੱਚ ਆ ਕੇ ਇੱਕ ਵਾਰ ਸੁਆਦ ਵੇਖ ਲਿਆ ਫਿਰ ਹੇਠਾਂ ਵੱਲ ਰੁੜ੍ਹਨਾ ਸ਼ੁਰੂ ਹੋ ਜਾਵੋਗੇ।

ਕਈ ਵਾਰ ਅਸੀਂ ਆਪਣੇ ਦੋਸਤਾਂ ਦੀਆਂ ਗੱਲਾਂ ਵਿੱਚ ਆ ਕੇ ਰਾਹ ਦੀ ਖੂਬਸੂਰਤੀ ਨੂੰ ਵੇਖ ਉਸੇ ਪਾਸੇ ਤੁਰ ਪੈਂਦੇ ਹਾਂ। ਪਲ ਭਰ ਦੇ ਸੁੱਖ ਲਈ ਅਸੀਂ ਕੁਰਾਹੇ ਪੈ ਜਾਂਦੇ ਹਾਂ। ਇਹ ਸੁਖ ਵੀ ਨਹੀਂ ਹੁੰਦਾ ਸਗੋਂ ਦੁੱਖਾਂ ਦੀ ਨੀਹ ਰਖਦਾ ਹੈ। ਅਜਿਹੇ ਖਾਣਪੀਣ ਵਿੱਚ ਉਲਝ ਜਾਂਦੇ ਹਾਂ ਜਿਸ ਦੇ ਨਤੀਜੇ ਭੈੜੇ ਨਿਕਲਦੇ ਹਨ। ਅਜਿਹੇ ਰਾਹ ਤੁਰਨ ਤੋਂ ਪਹਿਲਾਂ ਵਿਚਾਰ ਕਰੋ ਕਿ ਇਹ ਰਾਹ ਕਿਹੜੇ ਪਾਸੇ ਜਾਂਦਾ ਹੈ। ਆਪਣੇ ਲਈ ਜਿਹੜੀ ਮੰਜ਼ਿਲ ਤੁਸੀਂ ਮਿੱਥੀ ਹੈ ਪਤਾ ਕਰੋ ਇਹ ਰਾਹ ਉਸੇ ਪਾਸੇ ਜਾਂਦਾ ਹੈ। ਜੇਕਰ ਇਹ ਰਾਹ ਤੁਹਾਨੂੰ ਕੁਰਾਹੇ ਪਾ ਰਿਹਾ ਹੈ ਤਾਂ ਬਿਨਾਂ ਦੇਰ ਕੀਤਿਆਂ ਆਪਣਾ ਰਾਹ ਬਦਲੋ। ਰਾਹ ਦੀਆਂ ਰੰਗੀਨੀਆਂ ਵੇਖ ਕੇ ਰਾਹੋਂ ਭਟਕਿਆ ਇਨਸਾਨ ਘੁੰਮਣਘੇਰੀ ਵਿੱਚ ਫਸ ਜਾਂਦਾ ਹੈ। ਆਪਣੀ ਮੰਜ਼ਿਲ ਬਾਰੇ ਫ਼ੈਸਲਾ ਕਰੋ, ਫਿਰ ਉੱਥੇ ਪੁੱਜਣ ਲਈ ਰਾਹ ਦੀ ਤਲਾਸ਼ ਕਰੋ। ਜਦੋਂ ਮੰਜ਼ਿਲ ਦਾ ਪਤਾ ਹੋਵੇ ਫਿਰ ਔਖੇ ਰਾਹਾਂ 'ਤੇ ਤੁਰਨ ਦੀ ਹਿੰਮਤ ਵੀ ਆਪਣੇ ਆਪ ਆ ਜਾਂਦੀ ਹੈ। ਥੋੜ੍ਹਾ ਔਖਾ ਹੋਇਆਂ ਤੇ ਮਿਹਨਤ ਕੀਤਿਆਂ ਹੀ ਮੰਜ਼ਿਲ ਦੀ ਪ੍ਰਾਪਤੀ ਹੁੰਦੀ ਹੈ। ਕਈ ਵਾਰ ਅਸੀਂ ਮੰਜ਼ਿਲ ਬਾਰੇ ਜਾਣਦੇ ਹੁੰਦੇ ਹਾਂ, ਇਹ ਵੀ ਪਤਾ ਹੁੰਦਾ ਹੈ ਕਿ ਰਾਹ ਕਿਹੜਾ ਜਾਂਦਾ ਹੈ। ਰਾਹ ਦੀਆਂ ਦੁਸ਼ਵਾਰੀਆਂ ਤੋਂ ਪੱਲਾ ਛੁਡਾਉਣ ਲਈ ਅਸੀਂ ਗ਼ਲਤ ਰਾਹ ਜਾਂ ਛੋਟਾ ਰਸਤਾ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਬਹੁਤੀ ਵਾਰੀ ਅਜਿਹੇ ਰਾਹਾਂ ਦਾ ਰਾਹੀ ਰਾਹ ਵਿੱਚ ਹੀ ਉਲਝ ਜਾਂਦਾ ਹੈ ਅਤੇ ਆਪਣੀ ਮੰਜ਼ਿਲ 'ਤੇ ਨਹੀਂ ਪੁੱਜਦਾ। ਜੇਕਰ ਕਿਸੇ ਤਰ੍ਹਾਂ ਪੁੱਜ ਵੀ ਜਾਵੇ ਤਾਂ ਉਹ ਇਸ ਪ੍ਰਾਪਤੀ ਦਾ ਆਨੰਦ ਨਹੀਂ ਮਾਣ ਸਕਦਾ ਕਿਉਂਕਿ ਇੱਥੇ ਆ ਕੇ ਵੀ ਉਹ ਸਫ਼ਲਤਾ ਲਈ ਗ਼ਲਤ ਤਰੀਕੇ ਅਪਣਾਏਗਾ ਜਿਸ ਦਾ ਨਤੀਜਾ ਤਾਂ ਭੈੜਾ ਹੀ ਹੁੰਦਾ ਹੈ। ਹਰੇਕ ਕਰਮ ਦਾ ਪ੍ਰਤੀਕਰਮ ਜ਼ਰੂਰ ਹੁੰਦਾ ਹੈ। ਦੇਰ ਭਾਵੇਂ ਹੋ ਜਾਵੇ। ਆਪਣੇ ਕਰਮਾਂ ਦਾ ਫ਼ਲ ਭੁਗਤਣਾ ਹੀ ਪੈਂਦਾ ਹੈ।

ਕੰਮ ਕਾਜ ਵਾਲੀ ਥਾਂ ਤੁਹਾਨੂੰ ਨਵੇਂ ਸਾਥੀ ਮਿਲਦੇ ਹਨ। ਉਨ੍ਹਾਂ ਨਾਲ ਤੁਹਾਨੂੰ ਰਹਿਣਾ ਹੀ ਪੈਣਾ ਹੈ, ਪਰ ਉਨ੍ਹਾਂ ਦੇ ਕਿਰਦਾਰ ਬਾਰੇ ਜ਼ਰੂਰ ਜਾਣਕਾਰੀ ਹਾਸਲ ਕਰੋ। ਤੁਹਾਨੂੰ ਪਤਾ ਲੱਗ ਹੀ ਜਾਵੇਗਾ ਕਿ ਉਹ ਮਿਹਨਤੀ ਹੈ ਜਾਂ ਕੰਮਚੋਰ। ਕੰਮਚੋਰ ਹਮੇਸ਼ਾਂ ਘੱਟ ਕੰਮ ਕਰਨ ਲਈ ਪ੍ਰੇਰਿਤ ਕਰੇਗਾ, ਪੜ੍ਹਾਈ ਵਿੱਚ ਉਹ ਨਕਲ ਮਾਰਨ ਦੀ ਸਲਾਹ ਦੇਵੇਗਾ। ਘੱਟ ਕੰਮ ਕਰਨ ਦੇ ਫ਼ਾਇਦੇ ਗਿਣਾਵੇਗਾ। ਉਹ ਇਹ ਵੀ ਆਖੇਗਾ ਕਿ ਬਹੁਤਾ ਕੰਮ ਕਰਨ ਦੀ ਕੋਈ ਪ੍ਰਸ਼ੰਸਾ ਨਹੀਂ ਕਰਦਾ ਪਰ ਗਲਤੀਆਂ ਹੋਣਗੀਆਂ ਤਾਂ ਸਜ਼ਾ ਮਿਲੇਗੀ। ਕੰਮ ਤੋਂ ਕੰਨੀ ਕਤਰਾਉਣਾ ਵੀ ਬੇਈਮਾਨੀ ਹੀ ਹੁੰਦੀ ਹੈ। ਉਸ ਦੀ ਸਲਾਹ ਹੁੰਦੀ ਹੈ ਕਿ ਕੰਮ ਕਰਨ ਦੀ ਥਾਂ ਆਪਣੇ ਬੌਸ ਨੂੰ ਖੁਸ਼ ਰੱਖੋ। ਤਰੱਕੀ ਤਾਂ ਵਾਰੀ ਆਉਣ 'ਤੇ ਹੀ ਹੋਣੀ ਹੈ। ਇਹ ਨਹੀਂ ਕਿ ਅਜਿਹੇ ਲੋਕਾਂ ਨਾਲ ਬੋਲਣਾ ਬੰਦ ਕਰ ਦੇਵੋ ਜਾਂ ਲੜਾਈ ਕਰੋ, ਪਰ ਥੋੜ੍ਹੀ ਦੂਰੀ ਬਣਾ ਕੇ ਰੱਖੋ। ਅਜਿਹੇ ਬੰਦਿਆਂ ਦੀ ਨਾ ਦੋਸਤੀ ਚੰਗੀ ਹੁੰਦੀ ਹੈ ਅਤੇ ਨਾ ਹੀ ਦੁਸ਼ਮਣੀ। ਦੋਸਤੀ ਉਨ੍ਹਾਂ ਨਾਲ ਕਰੋ ਜਿਹੜੇ ਮਿਹਨਤ ਅਤੇ ਇਮਾਨਦਾਰੀ ਦਾ ਪਾਠ ਪੜ੍ਹਾਉਣ, ਔਖ ਦੀ ਘੜੀ ਹੌਸਲਾ ਦੇਣ ਅਤੇ ਅੱਗੇ ਵਧਣ ਦਾ ਰਾਹ ਵਿਖਾਉਣ।

ਕਈ ਇਨਸਾਨ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਜੇਕਰ ਤੁਹਾਡੇ ਨਾਲ ਕੰਮ ਹੈ ਤਾਂ ਉਹ ਨੇੜੇ ਹੋ ਹੋ ਢੁੱਕਣਗੇ। ਆਪਣੇ ਆਪ ਨੂੰ ਤੁਹਾਡਾ ਸੱਚਾ ਖੈਰਖੁਆਹ ਦੱਸਣਗੇ। ਸਾਡੀ ਬੋਲੀ ਵਿੱਚ ਅਜਿਹੇ ਦੋਸਤਾਂ ਨੂੰ ਫ਼ਸਲੀ ਬਟੇਰੇ ਆਖਿਆ ਜਾਂਦਾ ਹੈ। ਜਦੋਂ ਉਨ੍ਹਾਂ ਦਾ ਮਤਲਬ ਨਿਕਲ ਗਿਆ ਤਾਂ ਉਹ ਹੌਲੀ ਹੌਲੀ ਤੁਹਾਥੋਂ ਦੂਰ ਹੋਣ ਲਗ ਪੈਣਗੇ। ਕਈ ਤਾਂ ਅਜਿਹੇ ਹੁੰਦੇ ਹਨ ਜਿਹੜੇ ਰਾਤੋ ਰਾਤ ਅੱਖਾਂ ਫੇਰ ਲੈਂਦੇ ਹਨ। ਕੁੱਝ ਅਜਿਹੇ ਵੀ ਹੁੰਦੇ ਹਨ ਕਿ ਜਦੋਂ ਤੱਕ ਤੁਹਾਡੇ ਥੱਲੇ ਕੁਰਸੀ ਹੈ, ਉਹ ਆਪਣੇ ਆਪ ਨੂੰ ਤੁਹਾਡੇ ਸਭ ਤੋਂ ਵੱਧ ਵਫ਼ਾਦਾਰ ਸਾਬਤ ਕਰਨ ਦਾ ਯਤਨ ਕਰਨਗੇ, ਲੋੜ ਤੋਂ ਵੱਧ ਖੁਸ਼ਾਮਦ ਕਰਨਗੇ ਅਤੇ ਦੂਜਿਆਂ ਦੇ ਖ਼ਿਲਾਫ਼ ਤੁਹਾਡੇ ਕੰਨ ਭਰਨਗੇ। ਤੁਹਾਡੇ ਨਿਜੀ ਕੰਮ ਵੀ ਕਰਨਗੇ। ਜਦੋਂ ਤੁਸੀਂ ਸੇਵਾਮੁਕਤ ਹੋ ਗਏ ਤਾਂ ਤੁਹਾਨੂੰ ਆਉਂਦਾ ਵੇਖ ਰਸਤਾ ਹੀ ਬਦਲ ਲੈਣਗੇ। ਅਜਿਹੇ ਮਤਲਬੀ ਯਾਰਾਂ ਤੋਂ ਦੂਰੀ ਰੱਖਣੀ ਚਾਹੀਦੀ ਹੈ। ਜਿਹੜੇ ਤੁਹਾਡੀ ਖੁਸ਼ਾਮਦ ਕਰਦੇ ਹਨ, ਦੂਜਿਆਂ ਦੀ ਬੁਰਾਈ ਕਰਦੇ ਹਨ, ਤੁਹਾਡੇ ਲੋੜ ਤੋਂ ਵੱਧ ਖੈਰ ਖੁਆਹ ਬਣਦੇ ਹਨ, ਉਨ੍ਹਾਂ ਤੋਂ ਦੂਰੀ ਬਣਾਈ ਰੱਖਣੀ ਚਾਹੀਦੀ ਹੈ। ਆਜਿਹੇ ਸਾਥੀ ਤੁਹਾਡੇ ਸ਼ੁੱਭਚਿੰਤਕ ਨਹੀਂ ਹੁੰਦੇ ਸਗੋਂ ਮਤਲਬੀ ਯਾਰ ਹੁੰਦੇ ਹਨ।

ਦੋਸਤੀ ਦੀ ਪਰਖ ਔਖੀ ਘੜੀ ਵੇਲੇ ਹੁੰਦੀ ਹੈ। ਇਸ ਸਮੇਂ ਜਿਹੜਾ ਤੁਹਾਡੇ ਨਾਲ ਖੜ੍ਹਦਾ ਹੈ ਅਤੇ ਤੁਹਾਨੂੰ ਮੁਸ਼ਕਲ ਵਿੱਚੋਂ ਕੱਢਣ ਲਈ ਆਪਣੀ ਪੂਰੀ ਤਾਕਤ ਲਾਉਂਦਾ ਹੈ, ਉਹੀ ਸੱਚਾ ਸਾਥੀ ਹੁੰਦਾ ਹੈ। ਅਜਿਹੇ ਦੋਸਤਾਂ ਦੇ ਸੰਗ ਨਾਲ ਹੀ ਮਨੁੱਖ ਉੱਚੀਆਂ ਉਡਾਰੀਆਂ ਮਾਰਦਾ ਹੈ। ਮਨੁੱਖ ਇੱਕ ਸਮਾਜਿਕ ਜੀਵ ਹੈ। ਉਸ ਨੂੰ ਸਾਥ ਚਾਹੀਦਾ ਹੈ। ਜੇਕਰ ਸਾਥੀ ਸੱਚਾ ਹੈ ਤਾਂ ਸਮਝੋ ਜੀਵਨ ਸਵਰਗ ਬਣ ਗਿਆ, ਨਹੀਂ ਤਾਂ ਨਰਕ ਵੀ ਇਸੇ ਧਰਤੀ 'ਤੇ ਨਜ਼ਰ ਆ ਜਾਂਦਾ ਹੈ। ਇਹ ਸੱਚ ਪਰਿਵਾਰ ਦੇ ਮੈਂਬਰਾਂ ਉੱਤੇ ਵੀ ਢੁਕਦਾ ਹੈ। ਜੋ ਬਿਪਤਾ ਵੇਲੇ ਤੁਹਾਡਾ ਸਾਥ ਛੱਡ ਦਿੰਦਾ ਹੈ, ਉਹ ਤੁਹਾਡਾ ਦੋਸਤ ਜਾਂ ਰਿਸ਼ਤੇਦਾਰ ਨਹੀਂ ਹੋ ਸਕਦਾ। ਉਹ ਕੇਵਲ ਮਤਲਬੀ ਹੀ ਬਣ ਕੇ ਰਹਿ ਜਾਂਦਾ ਹੈ।

ਦੋਸਤਾਂ ਨੂੰ ਪਛਾਣੋ। ਹਮੇਸ਼ਾਂ ਉਨ੍ਹਾਂ ਨਾਲ ਦੋਸਤੀ ਕਰੋ ਜਿਨ੍ਹਾਂ ਦੀ ਸੰਗਤ ਤੁਹਾਨੂੰ ਅੱਛਾਈ ਦੇ ਰਾਹ ਤੋਰਦੀ ਹੈ।

# ਸੈਣੀ ਭਵਨ ਦੀਆਂ ਸਰਗਰਮੀਆਂ (ਜੁਲਾਈ -ਸਤੰਬਰ 2025)- ਤਸਵੀਰਾਂ ਦੀ ਜ਼ੁਬਾਨੀ



ਮਾਨਯੋਗ ਐਡਵੋਕੇਟ ਸ਼੍ਰੀ ਦਿਨੇਸ਼ ਚੱਢਾ, ਐੱਮ.ਐੱਲ.ਏ ਰੂਪਨਗਰ ਸੈਣੀ ਭਵਨ ਦੇ ਮਿੰਨੀ ਹਾਲ ਦਾ ਉਦਘਾਟਨ ਕਰਦੇ ਹੋਏ।




ਸੈਣੀ ਭਵਨ ਵੱਲੋਂ ਲਗਾਏ ਗਏ 24ਵੇਂ ਖੂਨਦਾਨ ਕੈਂਪ ਮੌਕੇ ਖੂਨਦਾਨੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਮੁੱਖ ਮਹਿਮਾਨ ਪ੍ਰਬੰਧਕਾਂ ਨਾਲ।



ਮੈਗਜ਼ੀਨ ਸੈਣੀ ਸੰਸਾਰ ਦਾ 57ਵਾਂ ਅੰਕ ਰਿਲੀਜ਼ ਕਰਦੇ ਹੋਏ ਸੈਣੀ ਭਵਨ ਦੇ ਉਪ ਚੇਅਰਮੈਨ ਅਤੇ ਸਾਬਕਾ ਐੱਮ.ਸੀ.
ਸ. ਗੁਰਮੁਖ ਸਿੰਘ ਸੈਣੀ ਅਤੇ ਸੈਣੀ ਭਵਨ ਦੇ ਪ੍ਰਬੰਧਕ

## ਗਿਲਕੋ ਨਿਵਾਸੀ ਰੂਪਨਗਰ ਦੇ ਉੱਘੇ ਫੁੱਟਬਾਲਰ

# ਗੁਰਤੇਜ ਸਿੰਘ ਨੰਨਾ

## ਵੱਲੋਂ ਪ੍ਰੋਫੈਸ਼ਨਲ ਫੁੱਟਬਾਲ ਤੋਂ ਲਿਆ ਸਨਿਆਸ।
## ਹੁਣ ਖੇਡ ਵਿਭਾਗ ਵਿੱਚ ਬਤੌਰ ਸੁਪਰਵਾਇਜ਼ਰ ਨਿਭਾਉਣਗੇ ਸੇਵਾ।













ਕੈਰੀਅਰ ਦੀ ਨਵੀਂ ਸ਼ੁਰੂਆਤ ਕਰਨ ਲਈ ਪਰਿਵਾਰ ਵੱਲੋਂ
ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ
ਕਰਵਾਏ ਗਏ ਅਤੇ ਸੰਤ ਬਾਬਾ ਅਵਤਾਰ ਸਿੰਘ ਜੀ ਟਿੱਬੀ ਸਾਹਿਬ ਵਾਲਿਆਂ
ਵੱਲੋਂ ਨੰਨੇ ਨੂੰ ਨਵੀਂ ਸ਼ੁਰੂਆਤ ਕਰਨ ਲਈ ਆਸ਼ੀਰਵਾਦ ਦਿੱਤਾ ਗਿਆ।

# *Happy Birthday*



**Gurpreet Kaur.**
D/o Ranjit Singh Saini
and Gurmeet Kaur saini
#5388, S.B.S. Nagar, Ropar
D.O.B. : 11th October



**Arheer Kaur**
D/o Mrs.Ramanjeet Kaur
and S.Manpreet Singh
,222-Gobind Valley Ropar
D.O.B. : 26th October



**Haneet Kaur Saini**
d/o Mrs. Harpreet Kaur Saini
& Mr.Tarsem Saini
CAMBRIDGE (U.K.)
D.O.B. : 18th September

Estd. 1971

# ਸੈਣੀ ਸੰਸਾਰ
# Saini Sansar

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001